ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਸੋਮਵਾਰ, 2 ਸਤੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੧੮ ਭਾਦਰੋਂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਭਾਈ ਅਵਤਾਰ ਸਿੰਘ ਖੰਡਾ ਜੀ ਦੀ ਪਹਿਲੀ ਸਾਲਾਨਾ ਯਾਦ ਨੂੰ ਸਮਰਪਿਤ ਗੁਰਦਵਾਰਾ ਬਾਬਾ ਸੰਗ ਜੀ ਸਮੈਦਿਕ ਵਿਖੇ ਵਿਸ਼ਾਲ ਸਮਾਗਮ ਕਰਵਾਇਆ ਗਿਆ



ਵਿਸਥਾਰ ਸਹਿਤ ਖ਼ਬਰ ਪੰਨਾ 13-14 ’ਤੇ

### ਮੰਗਾ ਮਨਵਾਉਣ ਤੱਕ ਡਟਣ ਦਾ ਐਲਾਨ, ਵੱਡੀ ਗਿਣਤੀ ’ਚ ਪੁਲਿਸ ਬਲ ਤੈਨਾਤ

# ਚੰਡੀਗੜ੍ਹ ’ਚ ਪਹੁੰਚੇ ਕਿਸਾਨਾਂ ਦੇ ਕਾਫ਼ਲੇ




**ਚੰਡੀਗੜ੍ਹ, 1 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਚੰਡੀਗੜ੍ਹ ਦੇ ਸੈਕਟਰ 34 ਦੇ ਦੁਸ਼ਹਿਰਾ ਗਰਾਊਂਡ ਵਿੱਚ ਵੱਡੀ ਗਿਣਤੀ ਦੇ ਵਿੱਚ ਕਿਸਾਨ ਪਹੁੰਚ ਰਹੇ ਹਨ। ਕਿਸਾਨਾਂ ਵੱਲੋਂ ਪੰਜ ਦਿਨਾਂ ਤੱਕ ਮੋਰਚਾ ਲਾਉਣ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇ ਇਸ ਦੌਰਾਨ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਪੱਕਾ ਮੋਰਚਾ ਵੀ ਲਾਇਆ ਜਾ ਸਕਦਾ ਹੈ। ਕਿਸਾਨਾਂ ਦੇ ਧਰਨੇ ਨੂੰ ਲੈ ਕੇ ਵੱਡੀ ਗਿਣਤੀ ਵਿੱਚ ਪੁਲਿਸ ਪ੍ਰਸ਼ਾਸਨ ਤੈਨਾਤ ਕੀਤਾ ਗਿਆ ਹੈ। ਜ਼ਿਕਰ ਕਰ ਦਈਏ ਕਿ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਐਤਵਾਰ ਤੋਂ ਚੰਡੀਗੜ੍ਹ ਵਿੱਚ ਮੋਰਚਾ ਲਾਇਆ ਜਾ ਰਿਹਾ ਹੈ। ਉਹ ਕਿਸਾਨ ਨੀਤੀ, ਕਿਸਾਨਾਂ ਦੀ ਕਰਜ਼ਾ ਮੁਆਫ਼ੀ ਸਮੇਤ 8 ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ ਕਰਨਗੇ। ਇਹ ਪ੍ਰਦਰਸ਼ਨ 5 ਸਤੰਬਰ ਤੱਕ ਜਾਰੀ ਰਹੇਗਾ। ਕਿਸਾਨ ਦੁਪਹਿਰ 12 ਵਜੇ ਤੱਕ ਉੱਥੇ ਪਹੁੰਚਣੇ ਸ਼ੁਰੂ ਹੋ ਗਏ ਹਨ। ਦੱਸ ਦਈਏ ਕਿ ਚੰਡੀਗੜ੍ਹ ਪ੍ਰਸ਼ਾਸਨ ਨੇ ਕਿਸਾਨਾਂ ਨੂੰ ਸੈਕਟਰ 34 ਦੁਸਹਿਰਾ ਗਰਾਊਂਡ ਵਿੱਚ ਧਰਨਾ ਦੇਣ ਦੀ ਇਜਾਜ਼ਤ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਹੁਣ ਪਿੱਛੇ ਹਟਣ ਵਾਲੇ ਨਹੀਂ ਹਨ। ਦੂਜੇ ਪਾਸੇ ਸੰਯੁਕਤ ਕਿਸਾਨ ਮੋਰਚਾ ਵੱਲੋਂ 2 ਸਤੰਬਰ ਨੂੰ ਕਿਸਾਨ ਪੰਚਾਇਤ ਦਾ ਆਯੋਜਨ ਕੀਤਾ ਗਿਆ ਹੈ। ਕਿਸਾਨ ਆਗੂਆਂ ਨੇ ਦੱਸਿਆ ਕਿ ਪੰਜਾਬ ਵਿਧਾਨ ਸਭਾ ਦਾ ਮਾਨਸੂਨ ਸੈਸ਼ਨ 2 ਸਤੰਬਰ ਨੂੰ ਸ਼ੁਰੂ ਹੋਵੇਗਾ। ਅਜਿਹੇ ਵਿੱਚ ਯੂਨੀਅਨ ਵੱਲੋਂ ਸਰਕਾਰ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ। ਇਸ ਤੋਂ ਬਾਅਦ ਸੈਸ਼ਨ ਦੌਰਾਨ ਦੇਖਣਾ ਹੋਵੇਗਾ ਕਿ ਸਰਕਾਰ ਕੀ ਫੈਸਲਾ ਲੈਂਦੀ ਹੈ। ਸੈਸ਼ਨ 4 ਸਤੰਬਰ ਨੂੰ ਸਮਾਪਤ ਹੋਵੇਗਾ। ਇਸ ਤੋਂ ਬਾਅਦ 5 ਸਤੰਬਰ ਨੂੰ ਯੂਨੀਅਨ ਦੀ ਮੀਟਿੰਗ ਕੀਤੀ ਜਾਵੇਗੀ। ਇਸ ਵਿੱਚ ਅੱਗੇ ਦੀ ਰਣਨੀਤੀ ਬਣਾਈ ਜਾਵੇਗੀ।

## ਬੁਰੀ ਫਸੀ ਕੰਗਨਾ ! ਆਪਣੀ ਹੀ ਪਾਰਟੀ ਨੇ ਮੋੜਿਆ ਮੂੰਹ ...ਗਰੇਵਾਲ ਬੋਲੇ ...ਕਿਸੇ ਦੇ ਵਪਾਰ ਲਈ ਪਾਰਟੀ ਕੁਰਬਾਨ ਨਹੀਂ ਕਰ ਸਕਦੇ



**ਚੰਡੀਗੜ੍ਹ, 1 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬੀਆਂ ਤੇ ਕਿਸਾਨ ਅੰਦੋਲਨ ਬਾਰੇ ਉਲਟਾ-ਸਿੱਧਾ ਬੋਲ ਕੇ ਸੰਸਦ ਮੈਂਬਰ ਤੇ ਅਦਾਕਾਰਾ ਕੰਗਨਾ ਰਣੌਤ ਆਪਣੀ ਹੀ ਪਾਰਟੀ ਬੀਜੇਪੀ ਦੇ ਲੀਡਰਾਂ ਦੇ ਮਨੋਂ ਲਹਿ ਗਈ ਹੈ। ਪਾਰਟੀ ਦੇ ਸੀਨੀਅਰ ਲੀਡਰਾਂ ਨੇ ਕੰਗਨਾ ਰਣੌਤ ਦੇ ਬਿਆਨਾਂ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਹੈ। ਪੰਜਾਬ ਅੰਦਰ ਤਾਂ ਬੀਜੇਪੀ ਲੀਡਰ ਕੰਗਨਾ ਰਣੌਤ ਨੂੰ ਖਰੀਆਂ-ਖੋਟੀਆਂ ਸੁਣਾ ਰਹੇ ਹਨ। ਅੱਜ ਬੀਜੇਪੀ ਨੇਤਾ ਹਰਜੀਤ ਸਿੰਘ ਗਰੇਵਾਲ ਨੇ ਹਿਮਾਚਲ ਪ੍ਰਦੇਸ਼ ਦੀ ਮੰਡੀ ਤੋਂ ਸੰਸਦ ਮੈਂਬਰ ਤੇ ਅਦਾਕਾਰਾ ਕੰਗਨਾ ਰਣੌਤ ਦੀ ਫਿਲਮ ਨਾਲ ਜੁੜੇ ਸਵਾਲ ’ਤੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੰਸਦ ਮੈਂਬਰ ਬਣਨ ਨਾਲ ਕੋਈ ਲੀਡਰ ਨਹੀਂ ਬਣ ਜਾਂਦਾ। ਹਰ ਸੰਸਦ ਮੈਂਬਰ ਜਾਂ ਵਿਧਾਇਕ ਨੇਤਾ ਨਹੀਂ ਹੁੰਦਾ। ਕੋਈ ਇੱਕ ਦਿਨ ਵਿੱਚ ਪਾਰਟੀ ਦੀ ਵਿਚਾਰਧਾਰਾ ਨਾਲ ਨਹੀਂ ਜੁੜ ਜਾਂਦਾ। ਹਰਜੀਤ ਗਰੇਵਾਲ ਨੇ ਕਿਹਾ ਕਿ ਮੈਂ ਪਿਛਲੇ 35 ਸਾਲਾਂ ਤੋਂ ਭਾਜਪਾ ਵਿੱਚ ਹਾਂ। ਮੈਂ ਪਹਿਲੇ ਦਿਨ ਹੀ ਕੰਗਨਾ ਦਾ ਵਿਰੋਧ ਕੀਤਾ ਸੀ। ਅਸੀਂ ਕਿਸੇ ਦੀ ਫਿਲਮ ਜਾਂ ਕਾਰੋਬਾਰ ਲਈ ਆਪਣੀ ਪਾਰਟੀ ਦੀ ਕੁਰਬਾਨੀ ਨਹੀਂ ਦੇ ਸਕਦੇ। ਇਹ ਉਨ੍ਹਾਂ ਦਾ ਕੰਮ ਹੈ ਕਿ ਉਹ ਫਿਲਮ ਬਣਾਉਣ ਜਾਂ ਨਹੀਂ। ਫਿਲਮ ਨੂੰ ਪਾਸ ਕਰਨਾ ਜਾਂ ਨਾ ਕਰਨਾ ਸੈਂਸਰ ਬੋਰਡ ਦਾ ਕੰਮ ਹੈ। ਗਰੇਵਾਲ ਨੇ ਕਿਹਾ ਕਿ ਜੇ ਕੋਈ ਖਾਲਸਾ ਜਾਂ ਪੰਜਾਬ ਵਿਰੁੱਧ ਬੋਲੇਗਾ ਤਾਂ ਹਰ ਭਾਜਪਾ ਵਰਕਰ ਉਸ ਖਿਲਾਫ ਸਟੈਂਡ ਲਵੇਗਾ। ਇਸ ਵਿੱਚ ਕਈ ਆਪਣਾ-ਪਰਾਇਆ ਨਹੀਂ। ਇਸੇ ਲਈ ਉਨ੍ਹਾਂ ਨੇ ਪਹਿਲੇ ਦਿਨ ਹੀ ਕੰਗਨਾ ਰਣੌਤ ਦਾ ਵਿਰੋਧ ਕੀਤਾ ਸੀ। ਇਹ ਸਾਡੀ ਪਾਰਟੀ ਦੀ ਵਿਚਾਰਧਾਰਾ ਨਹੀਂ। ਜਦੋਂ ਗਰੇਵਾਲ ਨੂੰ ਪੁੱਛਿਆ ਗਿਆ ਕਿ ਪੰਜਾਬ ਭਾਜਪਾ ਦੇ ਕਿਸੇ ਵੀ ਸੀਨੀਅਰ ਆਗੂ ਨੇ ਕੰਗਨਾ ਵਿਰੁੱਧ ਕਾਰਵਾਈ ਲਈ ਪਾਰਟੀ ਹਾਈਕਮਾਂਡ ਨੂੰ ਨਹੀਂ ਲਿਖਿਆ। ਇਸ ’ਤੇ ਗਰੇਵਾਲ ਨੇ ਕਿਹਾ ਕਿ ਉਹ ਵੀ ਪਾਰਟੀ ਦੇ ਸੀਨੀਅਰ ਆਗੂ ਹਨ।

## ਬੰਗਲਾਦੇਸ਼ ਸੰਕਟ ਕਾਰਨ ਭਾਰਤ ਦੀ ਵਧੀ ਚਿੰਤਾ, ਕਈ ਦੁਵੱਲੇ ਪ੍ਰੋਜੈਕਟ ਹੋਏ ਪ੍ਰਭਾਵਿਤ



**ਨਵੀਂ ਦਿੱਲੀ, 1 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਬੰਗਲਾਦੇਸ਼ ਵਿੱਚ ਸਿਆਸੀ ਸੰਕਟ ਕਾਰਨ ਭਾਰਤ ਦੇ ਦੁਵੱਲੇ ਪ੍ਰੋਜੈਕਟ ਬੰਦ ਹੋ ਗਏ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਇਕ ਪ੍ਰੈੱਸ ਕਾਨਫਰੈਂਸ ਦੌਰਾਨ ਕਿਹਾ ਕਿ ਬੰਗਲਾਦੇਸ਼ ’ਚ ਗੜਬੜ ਕਾਰਨ ਭਾਰਤ ਦੇ ਪ੍ਰੋਜੈਕਟ ਪ੍ਰਭਾਵਿਤ ਹੋਏ ਹਨ। ਹਾਲਾਂਕਿ ਬੰਗਲਾਦੇਸ਼ ਦੇ ਨਾਲ ਭਾਰਤ ਦੇ ਵਿਕਾਸ ਸਹਿਯੋਗ ਗਤੀਵਿਧੀਆਂ ਦਾ ਉਦੇਸ਼ ਉਸ ਦੇਸ਼ ਦੇ ਲੋਕਾਂ ਦੀ ਭਲਾਈ ਲਈ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ, “ਬੰਗਲਾਦੇਸ਼ ਦੀ ਮੌਜੂਦਾ ਕਾਨੂੰਨ ਵਿਵਸਥਾ ਕਾਰਨ ਕੁਝ ਪ੍ਰੋਜੈਕਟਾਂ ’ਤੇ ਕੰਮ ਰੁਕਿਆ ਹੋਇਆ ਹੈ। ਇੱਕ ਵਾਰ ਜਦੋਂ ਇਹ ਸਥਿਤੀ ਸਥਿਰ ਹੋ ਜਾਂਦੀ ਹੈ ਅਤੇ ਆਮ ਸਥਿਤੀ ਬਹਾਲ ਹੋ ਜਾਂਦੀ ਹੈ, ਤਾਂ ਅਸੀਂ ਵਿਕਾਸ ਪਹਿਲਕਦਮੀਆਂ ਬਾਰੇ ਅੰਤਰਿਮ ਸਰਕਾਰ ਨਾਲ ਗੱਲ ਕਰਾਂਗੇ।” ਉਨ੍ਹਾਂ ਕਿਹਾ ਕਿ ਸਿਰਫ਼ ਸਾਡੇ ਲਈ ਹੀ ਨਹੀਂ ਸਗੋਂ ਸਾਰਿਆਂ ਲਈ ਇਹ ਸੰਕਟ ਇੱਕ ਸਮੱਸਿਆ ਬਣਿਆ ਹੋਇਆ ਹੈ। ਉਮੀਦ ਹੈ ਕਿ ਜਲਦੀ ਹੀ ਆਮ ਸਥਿਤੀ ਬਹਾਲ ਹੋ ਜਾਵੇਗੀ ਅਤੇ ਅਸੀਂ ਆਪਣੇ ਵਾਅਦੇ ਪੂਰੇ ਕਰ ਸਕਾਂਗੇ। ਬੰਗਲਾਦੇਸ਼ ਭਾਰਤ ਦਾ ਸਭ ਤੋਂ ਵੱਡਾ ਵਿਕਾਸ ਸਹਾਇਤਾ ਭਾਈਵਾਲ ਹੈ। ਭਾਰਤ ਨੇ ਸੜਕਾਂ, ਰੇਲਵੇ, ਸ਼ਿਪਿੰਗ ਅਤੇ ਬੰਦਰਗਾਹਾਂ ਸਮੇਤ ਵੱਖ-ਵੱਖ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਪਿਛਲੇ ਅੱਠ ਸਾਲਾਂ ਵਿੱਚ ਬੰਗਲਾਦੇਸ਼ ਨੂੰ ਲਗਭਗ 8 ਬਿਲੀਅਨ ਡਾਲਰ ਦੇ ਕਰਜ਼ੇ (ਐਲਓਸੀ) ਦਾ ਵਿਸਥਾਰ ਕੀਤਾ ਹੈ। ਐਲਓਸੀ ਤੋਂ ਇਲਾਵਾ, ਭਾਰਤ ਸਰਕਾਰ ਬੰਗਲਾਦੇਸ਼ ਨੂੰ ਅਖੌਰਾ-ਅਗਰਤਲਾ ਰੇਲ ਲਿੰਕ ਦਾ ਨਿਰਮਾਣ, ਬੰਗਲਾਦੇਸ਼ ਵਿੱਚ ਅੰਦਰੂਨੀ ਜਲ ਮਾਰਗਾਂ ਦੀ ਡਰੇਜ਼ਿੰਗ ਅਤੇ ਭਾਰਤ-ਬੰਗਲਾਦੇਸ਼ ਦੋਸਤੀ ਪਾਈਪਲਾਈਨ ਦੇ ਨਿਰਮਾਣ ਸਮੇਤ ਵੱਖ-ਵੱਖ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਲਈ ਗ੍ਰਾਂਟ ਸਹਾਇਤਾ ਪ੍ਰਦਾਨ ਕਰ ਰਹੀ ਹੈ। ਭਾਰਤ ਸਰਕਾਰ ਨੇ ਬੰਗਲਾਦੇਸ਼ ਵਿੱਚ ਵਿਦਿਆਰਥੀ ਹੋਸਟਲਾਂ, ਅਕਾਦਮਿਕ ਇਮਾਰਤਾਂ, ਹੁਨਰ ਵਿਕਾਸ ਅਤੇ ਸਿਖਲਾਈ ਸੰਸਥਾਵਾਂ, ਸੱਭਿਆਚਾਰਕ ਕੇਂਦਰਾਂ ਅਤੇ ਅਨਾਥ ਆਸ਼ਰਮਾਂ ਸਮੇਤ 77 ਐਚਆਈਸੀਡੀਪੀ ਨੂੰ ਫੰਡ ਦਿੱਤੇ ਹਨ ਅਤੇ 16 ਹੋਰ ਐਚਆਈਸੀਡੀਪੀ ਲਾਗੂ ਕੀਤੇ ਜਾ ਰਹੇ ਹਨ।


## ’ਬੇਕਸੂਰ’ ਨੂੰ ‘ਦੋਸ਼ੀ’ ਬਣਾਉਂਦੇ ਪੁਲਸ ਵਾਲਿਆਂ ਦੀ ਕਰਤੂਤ ਕੈਮਰੇ ’ਚ ਕੈਦ ! ਤਲਾਸ਼ੀ ਦੌਰਾਨ ਸ਼ਖ਼ਸ ਦੀ ਜੇਬ ’ਚ ਰੱਖਿਆ ਡਰੱਗ ਦਾ ਪੈਕਟ

**ਮੁੰਬਈ, 1 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਮੁੰਬਈ ਪੁਲਸ ਦਾ ਇੱਕ ਹੈਰਾਨ ਕਰਨ ਵਾਲਾ ਵੀਡੀਓ ਵਾਇਰਲ ਹੋ ਰਿਹਾ ਹੈ। ਇਸ ਵੀਡੀਓ ’ਚ ਮੁੰਬਈ ਪੁਲਸ ਦੇ ਜਵਾਨਾਂ ਦੀਆਂ ਹਰਕਤਾਂ ਕੈਦ ਹਨ। ਸਭ ਤੋਂ



ਤੇਜ਼, ਇਮਾਨਦਾਰ ਅਤੇ ਉੱਨਤ ਮੰਨੀ ਜਾਂਦੀ ਮੁੰਬਈ ਪੁਲਿਸ ਦੀ ਇਹ ਵੀਡੀਓ ਦੇਖਣ ਤੋਂ ਬਾਅਦ ਤੁਹਾਡਾ ਇਸ ’ਤੇ ਭਰੋਸਾ ਉੱਠ ਸਕਦਾ ਹੈ। ਵੀਡੀਓ ’ਚ ਦੇਖਿਆ ਜਾ ਰਿਹਾ ਹੈ ਕਿ ਕਿਸ ਤਰ੍ਹਾਂ ਇਕ ਸਬ-ਇੰਸਪੈਕਟਰ ਅਤੇ ਤਿੰਨ ਕਾਂਸਟੇਬਲ ਮਿਲ ਕੇ ਇਕ ਵਿਅਕਤੀ ਨੂੰ ਫਸਾਉਣ ਦੀ ਸਾਜ਼ਿਸ਼ ਰਚ ਰਹੇ ਹਨ। ਵੀਡੀਓ ’ਚ ਦੇਖਿਆ ਜਾ ਸਕਦਾ ਹੈ ਕਿ ਮੁੰਬਈ ਪੁਲਸ ਦੇ ਦੋ ਅਧਿਕਾਰੀ ਇਕ ਵਿਅਕਤੀ ਦੀ ਤਲਾਸ਼ੀ ਲੈ ਰਹੇ ਹਨ, ਜਦਕਿ ਦੋ ਹੋਰ ਅਧਿਕਾਰੀ ਨੇੜੇ ਖੜ੍ਹੇ ਹੋ ਕੇ ਇਹ ਸਭ ਦੇਖ ਰਹੇ ਹਨ। ਇਸ ਦੌਰਾਨ ਤਲਾਸ਼ੀ ਲੈਣ ਵਾਲਾ ਅਧਿਕਾਰੀ ਆਪਣੀ ਜੇਬ ਵਿੱਚੋਂ ਇੱਕ ਪੈਕੇਟ ਕੱਢ ਕੇ ਵਿਅਕਤੀ ਦੀ ਜੇਬ ਵਿੱਚ ਪਾ ਦਿੰਦਾ ਹੈ। ਇਸ ਤੋਂ ਬਾਅਦ ਉਸ ਵਿਅਕਤੀ ਨੂੰ ਮੁੰਬਈ ਪੁਲਸ ਦੇ ਅਧਿਕਾਰੀਆਂ ਨੇ ਹਿਰਾਸਤ ’ਚ ਲੈ ਲਿਆ ਅਤੇ ’ਨਸ਼ੇ’ ਦੀ ਬਰਾਮਦਗੀ ਦਿਖਾਉਂਦੇ ਹੋਏ ਗ੍ਰਿਫਤਾਰ ਕਰ ਲਿਆ। ਦੱਸਿਆ ਜਾ ਰਿਹਾ ਹੈ ਕਿ ਇਹ ਸਿਪਾਹੀ ਮੁੰਬਈ ਦੇ ਖਾਰ ਪੁਲਸ ਸਟੇਸ਼ਨ ਦੇ ਅੱਤਵਾਦ ਵਿਰੋਧੀ ਸੈੱਲ ’ਚ ਤਾਇਨਾਤ ਸਨ। ਸ਼ੁੱਕਰਵਾਰ ਸ਼ਾਮ ਨੂੰ ਕਾਲੀਨਾ ਇਲਾਕੇ ’ਚ ਇਕ ਜਗ੍ਹਾ ’ਤੇ ਛਾਪੇਮਾਰੀ ਕੀਤੀ ਗਈ ਅਤੇ ਇਸ ਤੋਂ ਬਾਅਦ ਡੇਨੀਅਲ ਨਾਂ ਦੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ। ਡੇਨੀਅਲ ਨੇ ਦੋਸ਼ ਲਾਇਆ ਕਿ ਪੁਲਸ ਨੇ ਉਸ ਨੂੰ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ (ਐਨਡੀਪੀਐਸ) ਐਕਟ ਤਹਿਤ ਫਸਾਉਣ ਦੀ ਧਮਕੀ ਦਿੱਤੀ ਸੀ। ਪੁਲਸ ਮੁਲਾਜ਼ਮਾਂ ਦੀ ਇਹ ਹਰਕਤ ਉਥੇ ਲੱਗੇ ਸੀਸੀਟੀਵੀ ਵਿੱਚ ਕੈਦ ਹੋ ਗਈ। ਵੀਡੀਓ ਵਾਇਰਲ ਹੋਣ ਤੋਂ ਬਾਅਦ ਮੁੰਬਈ ਪੁਲਸ ਵੀ ਸ਼ੱਕ ਦੇ ਘੇਰੇ ’ਚ ਆ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਵਿਭਾਗ ਵੱਲੋਂ ਚਾਰਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਪੁਲਸ ਮੁਲਾਜ਼ਮਾਂ ਵੱਲੋਂ ਇੱਕ ਵਿਅਕਤੀ ਨੂੰ ਝੂਠੇ ਕੇਸ ਵਿੱਚ ਫਸਾਉਣ ਦੀ ਕੋਸ਼ਿਸ਼ ਦਾ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਹੁਣ ਮੁੰਬਈ ਪੁਲਸ ’ਤੇ ਭਰੋਸਾ ਨਹੀਂ ਰਿਹਾ। ਇੱਕ ਸੋਸ਼ਲ ਮੀਡੀਆ ਯੂਜ਼ਰ ਨੇ ਲਿਖਿਆ ਕਿ ਪੁਲਸ ਪ੍ਰਸ਼ਾਸਨ ਦੀ ਹਾਲਤ ਹਰ ਪਾਸੇ ਇੱਕੋ ਜਿਹੀ ਹੈ ਅਤੇ ਆਮ ਲੋਕ ਪ੍ਰੇਸ਼ਾਨ ਹਨ। ਇੱਕ ਨੇ ਲਿਖਿਆ ਕਿ ਇੱਕ ਆਮ ਆਦਮੀ ਨੂੰ ਸਿੱਧਾ ਜੇਲ੍ਹ ਭੇਜਿਆ ਜਾਂਦਾ ਹੈ ਅਤੇ ਪੁਲਸ ਵਾਲੇ ਭਾਵੇਂ ਕੁਝ ਵੀ ਕਰ ਲੈਣ, ਉਨ੍ਹਾਂ ਨੂੰ ਸਸਪੈਂਡ ਕਰ ਦਿੱਤਾ ਜਾਂਦਾ ਹੈ। ਇੱਕ ਹੋਰ ਨੇ ਲਿਖਿਆ ਕਿ ਇਹ ਹੈ ਸਾਡੀ ਇਮਾਨਦਾਰ ਅਤੇ ਮਿਹਨਤੀ ਮੁੰਬਈ ਪੁਲਿਸ। ਇੱਕ ਹੋਰ ਨੇ ਲਿਖਿਆ ਕਿ ਮੁੰਬਈ ਪੁਲਸ ਦਾ ਅਕਸ ਸਭ ਤੋਂ ਵਧੀਆ ਸੀ ਪਰ ਹੁਣ ਇਹ ਪੁਲਸ ਸਭ ਤੋਂ ਭ੍ਰਿਸ਼ਟ ਹੋ ਗਈ ਹੈ।

## ਪੰਜਾਬ ’ਚ ਲੁਟੇਰਿਆਂ ਦੇ ਵਧੇ ਹੌਂਸਲੇ, ਭਰੇ ਮੇਲੇ ’ਚ ਸਾਬਕਾ ਕੌਂਸਲਰ ਦੇ ਪੁੱਤ ’ਤੇ ਪਿਸਤੌਲ ਤਾਣੀ



**ਅੰਮ੍ਰਿਤਸਰ/ਅਜਨਾਲਾ, 1 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਅਜਨਾਲਾ ਵਿੱਚ ਲੁਟੇਰਿਆਂ ਦੇ ਹੌਂਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਹੁਣ ਉਹ ਦਿਨ-ਦਿਹਾੜੇ ਭੀੜ ਭਾੜ ਵਾਲੀਆਂ ਜਗ੍ਹਾਂ ’ਚੋਂ ਵੀ ਕੋਈ ਸੁਰੱਖਿਅਤ ਨਹੀਂ ਰਿਹਾ। ਹੁਣ ਲੁਟੇਰੇ ਪਿਸਤੌਲ ਦੀ ਨੋਕ ’ਤੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਲੱਗ ਪਏ ਹਨ। ਮਾਮਲਾ ਰਾੜਾ ਦੇ ਪਿੰਡ ਮਹਿਲ ਮਖਾਰੀ ਦਾ ਹੈ ਜਿੱਥੇ ਚੱਲ ਰਹੇ ਧਾਰਮਿਕ ਮੇਲੇ ਵਿੱਚੋਂ ਹਜ਼ਾਰਾਂ ਦੀ ਗਿਣਤੀ ਦੇ ਲੋਕਾਂ ਸਾਹਮਣੇ ਪਿਸਤੌਲ ਦੀ ਨੋਕ ’ਤੇ ਸਾਬਕਾ ਕੌਂਸਲਰ ਦੇ ਮੁੰਡੇ ਕੋਲੋ ਮੋਟਰਸਾਈਕਲ ਖੋਲਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਾਬਕਾ ਕੌਂਸਲਰ ਦੇ ਪੁੱਤਰ ਦਿਲਬਾਗ ਸਿੰਘ ਨੇ ਦੱਸਿਆ ਕਿ ਉਹ ਆਪਣੇ ਸਾਥੀ ਦੇ ਨਾਲ ਅੰਮ੍ਰਿਤਸਰ ਤੋਂ ਆ ਰਿਹਾ ਸੀ ਕਿ ਜਦ ਉਹ ਮਹਿਲ ਮਖਾਰੀ ਮੀਲ ਚੌਂਕ ਕੋਲ ਪਹੁੰਚਿਆ ਤਾਂ ਤਿੰਨ ਚਾਰ-ਨੌਜਵਾਨ ਜਿਨ੍ਹਾਂ ਨੇ ਆਪਣੇ ਮੂੰਹ ਬੰਨ੍ਹੇ ਹੋਏ ਸਨ, ਨੇ ਮੇਰੇ ਤੇ ਮੇਰੇ ਮੋਟਰਸਾਈਕਲ ਦੇ ਪਿੱਛੇ ਬੈਠੇ ਸਾਥੀ ਦੇ ਪਿਸਤੌਲਾਂ ਤਾਨ ਦਿੱਤੀਆਂ ਅਤੇ ਮਾਰਨ ਦੀ ਧਮਕੀ ਦਿੰਦੇ ਹੋਏ ਮੋਟਰਸਾਈਕਲ ਖੋਹ ਕੇ ਫਰਾਰ ਹੋ ਗਏ। ਉਹਨਾਂ ਦੱਸਿਆ ਕਿ ਉਸ ਸਮੇਂ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਮੌਜੂਦ ਸਨ ਪਰ ਉਹਨਾਂ ਨੇ ਕਿਸੇ ਦੀ ਵੀ ਪਰਵਾਹ ਨਹੀਂ ਕੀਤੀ। ਇਸ ਸੰਬੰਧੀ ਘਟਨਾ ਸਥਲ ’ਤੇ ਪਹੁੰਚੇ ਡੀ. ਐੱਸ. ਪੀ. ਅਜਨਾਲਾ ਗੁਰਵਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਵੱਲੋਂ ਇਸ ਮਾਮਲੇ ਨੂੰ ਬਰੀਕੀ ਨਾਲ ਖੰਗਾਲਿਆ ਜਾ ਰਿਹਾ ਤੇ ਨਜ਼ਦੀਕ ਲੱਗੇ ਸੀ. ਸੀ. ਟੀ. ਵੀ. ਕੈਮਰੇ ਦੀ ਫੁਟੇਜ ਵੀ ਖੰਗਾਲੀ ਜਾ ਰਹੀ ਹੈ। ਉਹਨਾਂ ਦੱਸਿਆ ਕਿ ਜਲਦ ਹੀ ਲੁਟੇਰਿਆਂ ਨੂੰ ਕਾਬੂ ਕਰ ਲਿਆ ਜਾਵੇਗਾ।

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ


ਸ੍ਰੀ ਅਕਾਲ ਤਖ਼ਤ ਸਾਹਿਬ


ਤਖ਼ਤ ਸ੍ਰੀ ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ


ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਲ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**

## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ


| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੁਲਵਰਹੈਂਪਟਨ | +44 7788283485 |

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਇ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

---

ਨਾਮ ਜਪੋ | ਕਿਰਤ ਕਰੋ | ਵੰਡ ਛਕੋ
Naam Japo | Kirat Karo | Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka
www.damdamitaksal.net

---

## ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

---

24 SERVICE EVERYDAY HOURS

PURE AND NATURAL 100% VEGETARIAN

Enjoy Real Taste of PUNJAB

KD
FULLY A.C. HALL
**Khehra**
BREAKFAST
LUNCH
DINNER
VAISHNO DHABA

OUR SPECIALIZATION : Au Important Ingredients used to Prepare Dishes are Grown in our own farmes.

- Soup
- Burger
- Sandwich
- Pizza
- Grilled Breads
- Continental Fast Food
- Tandoori Snacks
- Tandoori Breads
- Biryani Khas
- Beverages
- Shakes
- Desserts
- Punjabi Snacks
- South Indian
- Kathi Roll
- Pasta
- Chines Food
- Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment

---

## ਪੰਜਾਬੀ ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ | Love Maa Boli Punjabi

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

www.damdamitaksal.net

ਮੁਕਤਾ | ਾ ਕੰਨਾ | ਿ ਸਿਹਾਰੀ | ੀ ਬਿਹਾਰੀ
ੁ ਔਂਕੜ | ੂ ਦੁਲੈਂਕੜ | ੇ ਲਾਂ | ੈ ਦੁਲਾਵਾਂ
ੋ ਹੋੜਾ | ੌ ਕਨੌੜਾ | ੰ ਟਿੱਪੀ | ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net
Learn Speak Read Write
PUNJABI


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ-ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote


ਕਥਾ ਵਿਚਾਰ
ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਿਖੇ
ਮਿਤੀ 2-3 ਸਤੰਬਰ
ਦਿਨ ਸੋਮਵਾਰ ਤੇ ਮੰਗਲਵਾਰ
ਸੰਪਰਕ 98140-13915
ਸਮਾਂ : ਸਵੇਰੇ 7.30 ਤੋਂ 8.30 ਤੱਕ
ਸਿੱਧਾ ਪ੍ਰਸਾਰਨ :
CHARDIKLA TIME TV
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ


UK Tour 2024
17 ਅਗਸਤ ਤੋਂ 15 ਸਤੰਬਰ
ਗਿਆਨੀ ਬਲਵਿੰਦਰ ਸਿੰਘ ਜੀ
(ਰੋਡੇ)
(ਹੈੱਡ ਗ੍ਰੰਥੀ) ਗੁ: ਸੰਤ ਖ਼ਾਲਸਾ ਜਨਮ ਅਸਥਾਨ
ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ
ਪਿੰਡ ਰੋਡੇ (ਮੋਗਾ)
M. 97815-52538
ਆਵਾਜ਼ਿ ਕੌਮ AWAZE QAUM
International Newspaper & WEB TV

# HAYES PLANT HIRE

## WE TRAIN YOU GAIN

NPORS ACCREDITED



Telescopic Handler



Excavator 360



Road Roller



Forward Tipping Dumper



Tractor



Dozer

Plant Training and Testing on All CATEGORIES OF **MACHINERY.**



Dump Truck

# HAYES PLANT HIRE

ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ

NROPS Accredited

## ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।

## CONTACT- 07831543004

Hollis Farm, Clay Cross Chesterfield. S45 9BA

01246864370

ਆਵਾਜ਼ਿ ਕੌਮ AWAZE QAUM International Newspaper & WEB TV

CALL US TO BOOK YOUR CSCS LEVEL ONE COURSE.

**07715 1-28621**






KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।



**www.khalsaforge.com**




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਭਾਈ ਦਿਲਾਵਰ ਸਿੰਘ ਜੀ ਬੱਬਰ ਦੀ ਬਰਸੀ ਮੌਕੇ ਸ਼੍ਰੀ ਅਕਾਲ ਤਖਤ ਸਾਹਿਬ ਸਕਤਰੇਤ ਵਿੱਚ

# ਮੈਗਜ਼ੀਨ "ਪੰਜਆਬ" ਦਾ ਪਹਿਲਾ ਅੰਕ ਜਾਰੀ ਕੀਤਾ ਗਿਆ










**ਅੰਮ੍ਰਿਤਸਰ, 1 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਮਿਤੀ 31 ਅਗਸਤ 2024 ਨੂੰ ਭਾਈ ਦਿਲਾਵਰ ਸਿੰਘ ਜੀ ਬੱਬਰ ਦੀ ਬਰਸੀ ਮੌਕੇ ਪੰਥਕ ਜਥੇਬੰਦੀਆਂ, ਸ਼ਹੀਦਾਂ ਦੇ ਪਰਿਵਾਰਾਂ ਅਤੇ ਸੰਗਤਾਂ ਨੇ ਹਾਜ਼ਰੀ ਭਰੀ ਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਣ ਕੀਤੇ। ਇਸ ਸਮੇਂ ਸ਼੍ਰੀ ਅਕਾਲ ਤਖਤ ਸਾਹਿਬ ਸਕਤਰੇਤ ਵਿੱਚ ਪੰਥ ਦੀਆਂ ਮਹਾਨ ਸ਼ਖਸੀਅਤਾਂ ਵੱਲੋਂ ਮੈਗਜ਼ੀਨ "ਪੰਜਆਬ" ਦਾ ਪਹਿਲਾ ਅੰਕ ਜਾਰੀ ਕੀਤਾ ਗਿਆ।

**ਮੈਗਜ਼ੀਨ ਦੇ ਮੁੱਖ ਸੰਪਾਦਕ ਮਨਜੀਤ ਸਿੰਘ ਭੋਗਲ (ਜਰਮਨੀ) ਅਤੇ ਸਹਾਇਕ ਸੰਪਾਦਕ ਡਾ. ਸੁਰਜੀਤ ਸਿੰਘ ਜਰਮਨੀ ਹਨ**

ਇਹ ਅੰਕ ਭਾਈ ਦਿਲਾਵਰ ਸਿੰਘ ਜੀ ਨੂੰ ਸਮਰਪਿਤ ਹੈ। ਇਸ ਵਿੱਚ ਭਾਈ ਦਿਲਾਵਰ ਸਿੰਘ ਜੀ ਦੀ ਜੀਵਨੀ ਵੀ ਲਿਖੀ ਗਈ ਹੈ। ਮੈਗਜ਼ੀਨ ਦੇ ਮੁੱਖ ਸੰਪਾਦਕ ਮਨਜੀਤ ਸਿੰਘ ਭੋਗਲ (ਜਰਮਨੀ) ਜੀ ਅਤੇ ਸਹਾਇਕ ਸੰਪਾਦਕ ਡਾ ਸੁਰਜੀਤ ਸਿੰਘ ਜਰਮਨੀ ਜੀ ਨੂੰ ਬਹੁਤ-ਬਹੁਤ ਵਧਾਈਆਂ ਉਹਨਾਂ ਦੀ ਮਿਹਨਤ ਰੰਗ ਲਿਆਈ। ਅੱਜ ਗੁਰੂ ਸਾਹਿਬ ਨੇ ਉਹਨਾਂ ਦੇ ਇਸ ਕਾਰਜ ਨੂੰ ਪੰਥ ਦੀਆਂ ਮਹਾਨ ਸ਼ਖਸੀਅਤਾਂ ਰਾਹੀਂ ਪੰਥ ਦੇ ਸਪੁਰਦ ਕਰਵਾਇਆ। ਇਹ ਗੁਰੂ ਦੀ ਇਨ੍ਹਾਂ ਤੇ ਬਖਸ਼ਿਸ਼ ਦਾ ਸਦਕਾ ਹੀ ਹੋਇਆ।

ਆਵਾਜ਼ਿ ਕੌਮ AWAZE QAUM International Newspaper & WEB TV

ਮਨਜੀਤ ਸਿੰਘ ਭੋਗਲ (ਜਰਮਨੀ) ਜੀ ਅਤੇ ਡਾ. ਸੁਰਜੀਤ ਸਿੰਘ ਜਰਮਨੀ ਜੀ ਪੰਥ ਲਈ ਜਿੱਥੇ ਹੋਰ ਵੀ ਬਹੁਤ ਕਾਰਜ ਕਰਦੇ ਹਨ ਉਥੇ ਹੀ ਗੁਰੂ ਸਾਹਿਬ ਉਹਨਾਂ ਨੂੰ ਇਸ ਨਵੇਂ ਕਾਰਜ ਵਿੱਚ ਵੀ ਸਹਾਈ ਹੋ ਕੇ ਸਫਲਤਾ ਬਕਸ਼ਣ ਤਾਂ ਜੋ ਇਹ ਮੈਗਜ਼ੀਨ ਨਿਰਵਿਘਨ ਚਲਦਾ ਰਹੇ। ਸੰਪਾਦਕ ਮਨਜੀਤ ਸਿੰਘ ਭੋਗਲ (ਜਰਮਨੀ) ਜੀ ਦੱਸਦੇ ਹਨ ਕਿ ਇਹ ਮੈਗਜ਼ੀਨ ਦਾ ਮੁੱਖ ਉਦੇਸ਼ ਆਪਣਾ ਪੁਰਾਤਨ ਤੇ ਨਵੀਨਤਮ ਇਤਿਹਾਸ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਹੈ।




### ਸ਼੍ਰੋਮਣੀ ਕਮੇਟੀ ਨੇ

# ਸਿੱਖ ਕੌਮ ਨੂੰ ਪਾਇਆ ਭੰਬਲਭੂਸੇ ਵਿੱਚ - ਪਾਂਧੀ

**ਫਿਰੋਜ਼ਪੁਰ/ਜੀਰਾ 1ਸਤੰਬਰ (ਸੁਖਮੰਦਰ ਸਿੰਘ ਸ਼ਾਤ )**ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਖੇਤ ਦਾ ਰਾਖਾ ਫਿਰ ਰੱਬ ਹੀ ਹੈ ਇਹ ਉਦਾਹਰਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੂਬਹੂ ਢੁੱਕਦੀ ਹੈ ਅੱਜ ਸਾਡੀ ਸਿੱਖ ਕੌਮ ਤ੍ਰਾਸਦੀ ਦੀ ਮਾਰ ਝੱਲ ਰਹੀ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਭਾਈ ਬਲਵੀਰ

ਆਵਾਜ਼ਿ ਕੌਮ AWAZE QAUM International Newspaper & WEB TV



ਸਿੰਘ ਪਾਂਧੀ ਨੇ ਕਿਹਾ ਕਿ ਅੱਜ ਸਾਡੇ ਬੱਚਿਆਂ ਨੂੰ ਸਿੱਖੀ ਤੋਂ ਦੂਰ ਲਿਜਾਣ ਵਿਚ ਸਭ ਤੋਂ ਵੱਡਾ ਹੱਥ ਸਾਡੀ ਸੁਪਰੀਮੋ ਮੰਨੀ ਜਾਣ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹੈਂ ਸਾਡੇ ਬੱਚੇ ਅੱਜ ਕੱਲ੍ਹ ਪੁਛਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਕਦੋਂ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਤਾਬਦੀ ਦੀ ਤਰੀਕ ਕੀ ਹੈਂ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਕਦੋਂ ਹੈਂ ਇਸ ਬਾਰੇ ਨਾਂ ਤਾਂ ਜ਼ਿਆਦਾ ਤਰ ਲੋਕਲ ਕਮੇਟੀਆਂ ਨੂੰ ਪਤਾ ਹੈ ਨਾਂ ਹੀ ਗੁਰੂ ਘਰਾਂ ਵਿੱਚ ਸੇਵਾ ਕਰ ਰਹੇ ਗ੍ਰੰਥੀ ਸਿੰਘਾਂ ਨੂੰ ਪਤਾ ਹੈ ਕਿਉਂਕਿ ਹਰ ਸਾਲ ਤਰੀਕ ਬਦਲੀ ਹੁੰਦੀ ਹੈ ਜੋ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ ਜ਼ਿਆਦਾਤਰ ਕਮੇਟੀਆਂ ਨੇਂ 1 ਸਤੰਬਰ ਨੂੰ ਤਵਜੋਂ ਦਿੱਤੀ ਹੈ ਪਹਿਲਾਂ ਜੋ ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਆਉਂਦਾ ਸੀ ਉਹ ਤਰੀਕ ਹਰੇਕ ਬੱਚੇ ਨੂੰ ਯਾਦ ਹੈਂ ਭਾਈ ਪਾਂਧੀ ਨੇ ਕਿਹਾ ਕਿ ਸਾਡੇ ਬੱਚੇ ਅੱਜ ਸਵਾਲ ਕਰਦੇਂ ਹਨ ਕਿ ਸਾਡੇ ਜਨਮਦਿਨ ਦੀਆਂ ਤਰੀਕਾਂ ਪੱਕੀਆਂ ਹਨ ਫਿਰ ਗੁਰੂ ਸਹਿਬਾਨਾਂ ਦੀਆਂ ਤਰੀਕਾਂ ਨੂੰ ਹਰੇਕ ਸਾਲ ਕਿਓਂ ਬਦਲਿਆ ਜਾਂਦਾ ਹੈ ਭਾਈ ਪਾਂਧੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਆਰ ਐਸ ਐਸ ਦੀ ਕਠਪੁਤਲੀ ਬਣ ਕੇ ਤਰੀਕਾਂ ਨਾਲ ਛੇੜਛਾੜ ਕਰਨ ਤੋਂ ਸੰਕੋਚ ਕਰੋਂ ਕਿਉਂਕਿ ਸਿਖਾਂ ਦੇ ਬੱਚੇ ਅੱਜ ਵੀ ਤੁਹਾਡੀਆਂ ਨਲਾਇਕੀਆਂ ਕਾਰਨ ਪੜ੍ਹਾਈ ਤੋਂ ਵਾਂਝੇ ਰਹਿ ਜਾਂਦੇ ਹਨ ਕਿਉਂਕਿ ਜਿਹੜੇ ਸ਼੍ਰੋਮਣੀ ਕਮੇਟੀ ਦੇ ਇਕ ਦੋ ਕਾਲਜ਼ ਚਲ ਰਹੇ ਹਨ ਉਹਨਾਂ ਵਿੱਚ ਵੀ ਭਾਰੀ ਮਾਤਰਾ ਨਾਲ ਫੀਸ ਲਈ ਜਾ ਰਹੀ ਹੈ ਜਿਥੇ ਆਮ ਸਿੱਖ ਪਰਿਵਾਰ ਆਪਣੇ ਬੱਚਿਆਂ ਨੂੰ ਨਹੀ ਪੜਾ ਸਕਦੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਸਾਬਕਾ ਵਿਧਾਇਕ ਡੈਨੀ ਬੰਡਾਲਾ ਨੂੰ ਆਲ ਇੰਡੀਆ ਸਕੱਤਰ ਲਗਾਉਣ ਤੇ ਕਾਂਗਰਸ ਹਾਈਕਮਾਂਡ ਦਾ ਧੰਨਵਾਦ ਅਤੇ ਡੈਨੀ ਬੰਡਾਲਾ ਨੂੰ ਵਧਾਈਆਂ : ਅਵਤਾਰ ਸਿੰਘ ਟੱਕਰ



**ਜੰਡਿਆਲਾ ਗੁਰੂ, 1 ਸਤੰਬਰ ( ਕੁਲਵੰਤ ਸਿੰਘ ਵਿਰਦੀ)**-ਬੀਤੇ ਦਿਨ ਹਲਕਾ ਜੰਡਿਆਲਾ ਦੇ ਸਾਬਕਾ ਵਿਧਾਇਕ ਸ੍ਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਨੂੰ ਦਿੱਲੀ ਦਾ ਇੰਚਾਰਜ ਤੇ ਆਲ ਇੰਡੀਆ ਸਕੱਤਰ ਬਣਨ ਦੀ ਖ਼ਬਰ ਸੁਣਦਿਆਂ ਹੀ ਪਾਰਟੀ ਵਰਕਰਾਂ ਵਿਚ ਖ਼ੁਸ਼ੀ ਦੀ ਲਹਿਰ ਵੇਖਣ ਨੂੰ ਮਿਲ ਰਹੀ ਹੈ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਕਾਂਗਰਸ ਪਾਰਟੀ ਦੇ ਜਿਲ੍ਹਾ ਅੰਮ੍ਰਿਤਸਥ ਦੇ ਮੀਤ ਪ੍ਰਧਾਨ ਅਤੇ ਖਾਲਸਾ ਆਟੋ ਰਿਕਸ਼ਾ ਯੂਨੀਅਨ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਟੱਕਰ ਨੇ ਅੱਗੇ ਕਿਹਾ ਕਿ ਹਲਕੇ ਦੇ ਹਰਮਨ ਪਿਆਰੇ ਮਿਠਬੋਲੜੇ ਸੁਭਾਅ ਦੇ ਮਾਲਕ ਨੇਤਾ ਸ੍ਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਜੀ ਨੂੰ ਉਨ੍ਹਾਂ ਦੇ ਸਮੂਹ ਪਰਿਵਾਰ ਨੂੰ ਅਤੇ ਪਾਰਟੀ ਵਰਕਰਾਂ ਨੂੰ ਡੈਨੀ ਬੰਡਾਲਾ ਜੀ ਨੂੰ ਦਿੱਲੀ ਦੇ ਇੰਚਾਰਜ ਅਤੇ ਆਲ ਇੰਡੀਆ ਸਕੱਤਰ ਬਨਣ ਤੇ ਵਧਾਈ ਦਿੰਦਾ ਹਾਂ ਅੱਗੇ ਉਨ੍ਹਾ ਕਿਹਾ ਕਿ ਪਾਰਟੀ ਵਰਕਰਾਂ ਦੀਆਂ ਅਸੀਸਾਂ ਅਤੇ ਸੰਗਠਨ ਨੇ ਸ੍ਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਨੂੰ ਆਲ ਇੰਡੀਆ ਸਕੱਤਰ ਦੇ ਅਹੁਦੇ ਦੀ ਸੇਵਾ ਪ੍ਰਦਾਨ ਕੀਤੀ ਗਈ ਹੈ ਜਿਸ ਨਾਲ ਸ੍ਰ ਡੈਨੀ ਬੰਡਾਲਾ ਨੂੰ ਪੰਜਾਬ ਦੀ ਹੋਰ ਸੁਚੱਜੇ ਢੰਗ ਨਾਲ ਸੇਵਾ ਕਰਨ ਦਾ ਮੌਕਾ ਪ੍ਰਾਪਤ ਹੋਇਆ ਹੈ ਅੱਗੇ ਟੱਕਰ ਨੇ ਸ੍ਰੀ ਰਾਹੁਲ ਗਾਂਧੀ ਅਤੇ ਕਾਂਗਰਸ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਕਾਂਗਰਸ ਪਾਰਟੀ ਐਸੀ ਪਾਰਟੀ ਹੈ ਜੋ ਹਰੇਕ ਵਰਕਰ ਅਹੁਦੇਦਾਰ ਵੱਲੋਂ ਪਾਰਟੀ ਲਈ ਕੀਤੇ ਕੰਮਾਂ ਦਾ ਮੁੱਲ ਪਾਉਂਦੀ ਹੈ ਅਤੇ ਸਮੇਂ ਸਮੇਂ ਤੇ ਅਹੁਦੇਦਾਰਾਂ ਵਰਕਰਾਂ ਨੂੰ ਸੇਵਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਸ ਮੌਕੇ ਪਰਮਜੀਤ ਸਿੰਘ ਲਵਲੀ ਦਿਲਬਾਗ ਸਿੰਘ ਨੰਗਲ ਗੁਰੂ,ਗੁਰਿੰਦਰ ਸਿੰਘ ਨੰਬਰਦਾਰ ਪੱਖੋਕੇ ਆਦਿ ਵੱਲੋਂ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਨੂੰ ਮੁਬਾਰਕਬਾਦ ਦਿੱਤੀ।

ਆਵਾਜ਼ਿ ਕੌਮ AWAZE QAUM International Newspaper & WEB TV

## ਹਰਿਆਣਾ ਦੇ ਲੋਕ ਆਮ ਆਦਮੀ ਪਾਰਟੀ ਨੂੰ ਬਦਲ ਵਜੋਂ ਦੇਖ ਰਹੇ ਹਨ: ਆਪ ਆਗੂ ਦੁਗਨੀ




**ਧੂਰੀ ( ਰਣਜੀਤ ਸਿੰਘ ਪੇਧਨੀ )**-ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਇਸ ਵਾਰ ਹਰਿਆਣਾ ਦੇ ਲੋਕ ਆਮ ਆਦਮੀ ਪਾਰਟੀ ਨੂੰ ਬਦਲਾਅ ਵਜੋਂ ਦੇਖ ਰਹੇ ਹਨ, ਜਿਸ ਦੇ ਚੱਲਦਿਆਂ ਇਸ ਵਾਰ ਹਰਿਆਣਾ ਵਿੱਚ ਵੀ ਆਮ ਆਦਮੀ ਪਾਰਟੀ ਦਾ ਝਾੜੂ ਚੱਲੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਪ ਦੇ ਘੱਟ ਗਿਣਤੀਆਂ ਦੇ ਹਲਕਾ ਕੋਆਰਡੀਨੇਟਰ ਖਾਲਿਦ ਖਾਨ ਦੁਗਨੀ, ਆਪ ਆਗੂ ਡਾਕਟਰ ਅਮਨ ਜਾਤੀਮਾਜਰਾ, ਆਪ ਆਗੂ ਜਾਵੇਦ ਖਾਨ , ਆਪ ਆਗੂ ਮੁਮਤਾਜ ਪੰਚ, ਆਪ ਆਗੂ ਆਰਫ ਸਟੀਲ ਮਿਸਤਰੀ , ਆਪ ਆਗੂ ਤਾਰਕ ਖਾਨ ਨੇ ਕੀਤਾ। ਆਗੂਆਂ ਨੇ ਕਿਹਾ ਕਿ ਸਮੁੱਚੇ ਹਰਿਆਣਾ ਪ੍ਰਦੇਸ਼ ਵਿੱਚ ਇਸ ਵਾਰ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਹਿਨੁਮਾਈ ਹੇਠ ਆਮ ਆਦਮੀ ਪਾਰਟੀ ਦੀ ਹਵਾ ਚੱਲ ਰਹੀ ਹੈ। ਆਗੂਆਂ ਨੇ ਕਿਹਾ ਕਿ ਹਰਿਆਣਾ ਵਿੱਚ ਆਮ ਆਦਮੀ ਪਾਰਟੀ ਦੇ ਆਗੂਆਂ ਦੇ ਵਿਚਾਰ ਸੁਣਨ ਲਈ ਲੋਕ ਵੱਡੀ ਗਿਣਤੀ ਵਿੱਚ ਮੀਟਿੰਗਾਂ ਅਤੇ ਰੈਲੀਆਂ ਵਿੱਚ ਪਹੁੰਚ ਰਹੇ ਹਨ। ਪੰਜਾਬ ਵਿੱਚ ਜਿਸ ਤਰੀਕੇ ਨਾਲ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਸਿਹਤ ਸਹੂਲਤਾਂ, ਸਕੂਲ ਆਫ ਐਮੀਨੈਂਸ ਅਤੇ 300 ਯੂਨਿਟ ਪ੍ਰਤੀ ਮਹੀਨਾ ਫਰੀ ਬਿਜਲੀ ਦਿੱਤੀ ਜਾ ਰਹੀ ਹੈ ਉਸ ਦਾ ਅਸਰ ਹਰਿਆਣਾ ਦੇ ਲੋਕਾਂ ਉੱਪਰ ਵੇਖਣ ਨੂੰ ਮਿਲ ਰਿਹਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

## ਮੁੱਖ ਮੰਤਰੀ ਮਾਨ ਨੇ ਐਨ,ਓ,ਸੀ ਦੀ ਸਰਤ ਖਤਮ ਕਰਕੇ ਪੰਜਾਬੀਆਂ ਦਾ ਦਿਲ ਜਿੱਤਿਆ: ਆਪ ਆਗੂ

**ਧੂਰੀ, ( ਰਣਜੀਤ ਸਿੰਘ ਪੇਧਨੀ )**-500 ਗਜ ਤੱਕ ਦੇ ਪਲਾਟਾਂ ਤੋਂ ਐਨ. ਓ. ਸੀ. ਦੀ ਸ਼ਰਤ ਹੋਵੇਗੀ ਖਤਮ ਕਰਕੇ ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਮਾਨ ਨੇ ਪੰਜਾਬੀਆਂ ਦਾ ਦਿਲ ਜਿੱਤਿਆ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਘਨੌਰੀ ਦੇ ਇਕਾਈ ਪ੍ਰਧਾਨ ਗੁਰਮੇਲ ਸਿੰਘ, ਆਪ ਆਗੂ ਮਾ, ਕੁਲਵੰਤ ਸਿੰਘ ਘਨੌਰੀ, ਆਪ ਆਗੂ ਚਰਨਜੀਤ ਸਿੰਘ ਕਾਲੋ , ਆਪ ਆਗੂ ਗੁਰਤੇਜ ਸਿੰਘ ਚਹਿਲ, ਆਪ ਆਗੂ ਨੱਥਾ ਸਿੰਘ ਚਹਿਲ , ਆਪ ਆਗੂ ਸੁਖਪਾਲ ਸਿੰਘ ਚਹਿਲ ਨੇ ਕੀਤਾ । ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਨੂੰ ਉਹਨਾਂ ਦੇ ਘਰਾਂ ਦੇ ਨੇੜੇ ਪ੍ਰਸ਼ਾਸ਼ਿਨਕ ਸਹੂਲਤਾਂ ਦੇਣ ਦੇ ਮੰਤਵ ਨਾਲ ਕੰਮ ਕਰ ਰਹੀ ਹੈ ਤਾਂ ਕਿ ਲੋਕਾਂ ਦੀ ਸਰਕਾਰੀ ਦਫਤਰਾਂ ਅੰਦਰ ਹੁੰਦੀ ਖੱਜਲ ਖੁਆਰੀ ਘਟ ਸਕੇ। ਉਨ੍ਹਾਂ ਕਿਹਾ ਕਿ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਬਿਨਾਂ ਕਿਸੇ ਭੇਦਭਾਵ ਸੂਬੇ ਦੇ ਲੋਕਾਂ ਨੂੰ ਹਰ ਸਹੂਲਤ ਦੇਣ ਦੇ ਨਾਲ ਨਾਲ ਸੂਬੇ ਦੇ ਨੌਜਵਾਨਾਂ ਨੂੰ ਵੀ ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਦੇਣ ਲਈ ਵਚਨਬੱਧ ਹੈ।



### ਕੌਮੀ ਸ਼ਹੀਦ ਭਾਈ ਦਿਲਾਵਰ ਸਿੰਘ ਜੀ ਦੇ ਸ਼ਹੀਦੀ ਸਮਾਗਮ 'ਤੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਦੀ ਕਿਤਾਬ "ਸੰਘਰਸ਼ ਦਾ ਦੌਰ" ਨੂੰ

# ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਤੇ ਗੁਰਦੁਆਰਾ ਤੇਰਾ ਸਿੰਘ ਸ਼ਹੀਦ, ਸ਼ਹੀਦ ਗੰਜ ਸਾਹਿਬ, ਬ੍ਰਾਂਚ ਦਮਦਮੀ ਟਕਸਾਲ, ਅੰਮ੍ਰਿਤਸਰ ਬੀ ਬਲਾਕ ਵਿਖੇ ਸਾਰੇ ਪੰਥਕ ਆਗੂਆਂ ਵੱਲੋਂ ਲੋਕ ਅਰਪਣ ਕੀਤਾ ਗਿਆ















**ਅੰਮ੍ਰਿਤਸਰ, 1 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਅੱਜ ਮਿਤੀ 31 ਅਗਸਤ 2024 ਨੂੰ ਬਿਅੰਤੇ ਬੁੱਚੜ ਨੂੰ ਸੋਧਣ ਵਾਲੇ ਕੌਮੀ ਸ਼ਹੀਦ ਭਾਈ ਦਿਲਾਵਰ ਸਿੰਘ ਜੀ ਦਾ ਸ਼ਹੀਦੀ ਸਮਾਗਮ ਸ੍ਰੀ ਅੰਮ੍ਰਿਤਸਰ ਵਿਖੇ ਖ਼ਾਲਸਾਈ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਜਿਸ ਵਿੱਚ ਪੰਥਕ ਜਥੇਬੰਦੀਆਂ, ਸ਼ਹੀਦਾਂ ਦੇ ਪਰਿਵਾਰਾਂ ਅਤੇ ਸੰਗਤਾਂ ਨੇ ਹਾਜ਼ਰੀ ਭਰੀ ਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਣ ਕੀਤੇ। ਅੱਜ ਇਸ ਮੌਕੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਦੀ ਕਿਤਾਬ "ਸੰਘਰਸ਼ ਦਾ ਦੌਰ" ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਤੇ ਗੁਰੂਦੁਆਰਾ ਤੇਰਾ ਸਿੰਘ ਸ਼ਹੀਦ, ਸ਼ਹੀਦ ਗੰਜ ਸਾਹਿਬ, ਬ੍ਰਾਂਚ ਦਮਦਮੀ ਟਕਸਾਲ, ਅੰਮ੍ਰਿਤਸਰ ਬੀ ਬਲਾਕ ਵਿਖੇ ਸਾਰੇ ਪੰਥਕ ਆਗੂਆਂ ਵੱਲੋਂ ਲੋਕ ਅਰਪਣ ਕੀਤਾ ਗਿਆ। ਸਾਰੇ ਸਿੱਖ ਆਗੂਆਂ ਨੇ ਇਸ ਕਿਤਾਬ ਨੂੰ ਪੜਣ ਦੀ ਅਪੀਲ ਕੀਤੀ ਤਾਂ ਜੋ ਕਿ ਸਾਡੀ ਅਗਲੇਰੀ ਪੀੜੀ ਸੱਚ ਤੋਂ ਜਾਣੂ ਹੋ ਸਕੇ। ਕਿਉਂਕਿ 1984 ਤੋਂ ਲੈ ਕੇ 1995 ਦੇ ਸੰਘਰਸ਼ ਦੇ ਦੌਰ ਬਾਰੇ ਸੋਸ਼ਲ ਮਿਡੀਆ ਵਿੱਚ ਜਾਂ ਤਾਂ ਕੁਝ ਵਧਾ ਕੇ ਦਰਸਾਇਆ ਜਾਂਦਾ ਹੈ ਜਾਂ ਬਹੁਤ ਕੁਝ ਘਟਾ ਕੇ ਦੱਸਿਆ ਜਾਂਦਾ ਹੈ। ਸਿੱਖ ਆਗੂਆਂ ਨੇ ਕਿਹਾ ਇਸ ਮਹੌਲ ਵਿੱਚ "ਸੰਘਰਸ਼ ਦਾ ਦੌਰ" ਕਿਤਾਬ ਸੱਚਾਈ ਨੂੰ ਨਸ਼ਰ ਕਰਦੀ ਸਾਬਿਤ ਹੋਵੇਗੀ। "ਸੰਘਰਸ਼ ਦਾ ਦੌਰ" ਕਿਤਾਬ ਦੇ ਲੇਖਕ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਨੇ ਇਸ ਕਿਤਾਬ ਵਿੱਚ ਉਨ੍ਹਾਂ ਸਭ ਘਟਨਾਵਾਂ ਬਾਰੇ ਜ਼ਿਕਰ ਕੀਤਾ ਹੈ ਜੋ ਉਨ੍ਹਾਂ ਨੇ ਅੱਖੀਂ ਵੇਖੀਆਂ ਹਨ ਅਤੇ ਹੱਡੀਂ ਹੰਢਾਈਆਂ ਹਨ।

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਬਜ਼ੁਰਗ ਹਾਸਿਆਂ ਦੀ ਪਟਾਰੀ ਮੀਟਿੰਗ ਕਰਨ ਤੋਂ ਹੋਈ ਬੇਜਾਰ

# ਰੈਡ ਕਰਾਸ ਨੇ ਬਜ਼ੁਰਗਾਂ ਲਈ ਬਣਾਏ ਹਾਲ ਨੂੰ ਲਗਾਏ ਤਾਲੇ




ਫ਼ਿਰੋਜ਼ਪੁਰ, 1 ਸਤੰਬਰ (ਮਨੋਹਰ ਲਾਲ):— ਸੀਨੀਅਰ ਸਿਟੀਜਨ ਕੌਂਸਲ ਫਿਰੋਜ਼ਪੁਰ ਨੇ ਹਾਲ ਨੂੰ ਲੱਗੇ ਤਾਲਿਆਂ ਦਾ ਲਿਆ ਸਖਤ ਸਟੈਂਡ ਅਤੇ ਇਸ ਸਬੰਧੀ ਮਤਾ ਪਾਸ ਕਰਨ ਉਪਰੰਤ ਡਿਪਟੀ ਕਮਿਸ਼ਨਰ ਤੱਕ ਲਗਾਈ ਗੁਹਾਰ। ਗੱਲਬਾਤ ਕਰਦਿਆਂ ਸੀਨੀਅਰ ਸਿਟੀਜਨ ਕੌਂਸਲ ਦੇ ਆਗੂਆਂ ਨੇ ਦੱਸਿਆ ਕਿ ਉਨ੍ਹਾਂ ਦੀ ਸੁਸਾਇਟੀ ਲੰਬੇ ਸਮੇਂ ਤੋਂ ਬਜ਼ੁਰਗਾਂ ਲਈ ਦਿਨ—ਰਾਤ ਕੰਮ ਕਰ ਰਹੀ ਹੈ ਅਤੇ ਬਜ਼ੁਰਗਾਂ ਦੇ ਬੈਠਣ ਤੇ ਰਹਿਣ ਲਈ ਫਿਰੋਜ਼ਪੁਰ ਪ੍ਰਸ਼ਾਸਨ ਵੱਲੋਂ ਮਖੂ ਗੇਟ ਵਿਖੇ ਬਿਰਧ ਆਸ਼ਰਮ ਦੀ ਉਸਾਰੀ ਕੀਤੀ ਹੋਈ ਹੈ ਜਿਸ ਵਿੱਚ 16 ਬਜ਼ੁਰਗ ਰਹਿ ਰਹੇ ਸਨ ਪਰ ਬਦਕਿਸਮਤੀ ਨਾਲ ਉਨ੍ਹਾਂ ਨੂੰ ਪ੍ਰਸ਼ਾਸਨ ਵੱਲੋਂ ਬਾਹਰ ਕੱਢਕੇ ਇਥੇ ਨਸ਼ਾ ਛੁਡਾਊ ਤੇ ਪੁਨਰਵਾਸ ਕੇਂਦਰ ਦੀ ਸਥਾਪਨਾ ਕਰ ਦਿੱਤੀ ਗਈ, ਬਜ਼ੁਰਗਾਂ ਨੂੰ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ। ਸੀਨੀਅਰ ਸਿਟੀਜਨ ਕੌਂਸਲ ਦੇ ਉਪਰਾਲੇ ਸਦਕਾ ਬਿਰਧ ਆਸ਼ਰਮ ਚੋਂ ਨਸ਼ਾ ਛਡਾਉ ਤੇ ਪੁਨਰ ਵਾਸ ਕੇਂਦਰ ਨੂੰ ਬ੍ਰਿਧ ਆਸ਼ਰਮ ਤੋਂ ਸਿਵਲ ਹਸਪਤਾਲ ਵਿਖੇ ਸ਼ਿਫਟ ਕਰਵਾ ਦਿੱਤਾ ਗਿਆ। ਇਸ ਤਰ੍ਹਾਂ ਬਜ਼ੁਰਗ ਆਪਣੀ ਰੋਜ ਮਰ੍ਹਾ ਦੀ ਜ਼ਿੰਦਗੀ ਵਿਚ ਖੁਸ਼ੀਆਂ ਭਰਨ ਲਈ ਅਤੇ ਆਪਣਾ ਫਾਲਤੂ ਸਮਾਂ ਵਧੀਆ ਢੰਗ ਨਾਲ ਬਿਤਾਉਣ ਲਈ ਬਿਰਧ ਆਸ਼ਰਮ ਵਿੱਚ ਆਉਣ ਲੱਗੇ। ਸੀਨੀਅਰ ਸਿਟੀਜਨ ਕੌਂਸਲ ਦੇ ਉਪਰਾਲੇ ਸਦਕਾ ਸੀਨੀਅਰ ਸਿਟੀਜਨ ਹਾਲ ਵਿੱਚ ਦੋ ਏ ਸੀ ਲਗਾ ਕੇ ਬੁਜ਼ੁਰਗਾਂ ਲਈ ਸੁੱਖ ਸੁਵਿਧਾ ਦੇ ਉਪਰਾਲੇ ਕੀਤੇ ਗਏ। ਮਗਰ ਕੁਝ ਮਹੀਨਿਆਂ ਤੋਂ ਬਜ਼ੁਰਗਾਂ ਨੂੰ ਬ੍ਰਿਧ ਆਸ਼ਰਮ ਚੋਂ ਕੱਢਣ ਲਈ ਜ਼ਿਲ੍ਹਾ ਰੈਡ ਕ੍ਰਾਸ ਸੋਸਾਇਟੀ ਪੁਰਜੋਰ ਕੋਸ਼ਿਸ਼ ਕਰ ਰਹੀ ਹੈ ਅਤੇ ਪਤਾ ਲੱਗਾ ਹੈ ਕਿ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਇੱਕ ਧਰਮ ਸਥਲ ਬਣਵਾਉਣ ਲਈ ਕੋਸ਼ਿਸ਼ ਕਰ ਰਹੀ ਹੈ। ਇਸੇ ਲੜੀ ਵਿੱਚ ਸੀਨੀਅਰ ਸਿਟੀਜਨ ਕੌਂਸਲ ਦਾ ਇਕ ਵਫਦ ਮਾਨਯੋਗ ਡਿਪਟੀ ਕਮਿਸ਼ਨਰ ਨੂੰ ਜਾਣੂ ਕਰਾਉਣ ਲਈ ਮਿਲ ਕੇ ਆਪਣਾ ਮੈਮੋਰੰਡਮ ਦਿੱਤਾ ਸੀ, ਜਿਸ ਤੇ ਡੀ.ਸੀ ਸਾਹਿਬ ਵੱਲੋਂ ਪੂਰਾ ਭਰੋਸਾ ਦਵਾਇਆ ਗਿਆ ਸੀ ਕਿ ਇਸ ਤਰ੍ਹਾਂ ਦੇ ਕੋਈ ਵੀ ਕਾਰਵਾਈ ਨਹੀਂ ਹੋਏਗੀ। ਹਾਲਾਂ ਕਿ ਇਸ ਬ੍ਰਿਧ ਆਸ਼ਰਮ ਵਿੱਚ ਧਾਰਮਿਕ ਸਥਾਨ ਬਣਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ, ਸ਼ਾਇਦ ਇਸ ਦੀ ਪ੍ਰਵਾਨਗੀ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵੱਲੋਂ ਦਿੱਤੀ ਗਈ ਹੋਵੇ, ਇਸ ਸਬੰਧੀ ਸੀਨੀਅਰ ਸਿਟੀਜਨ ਕੌਂਸਲ ਵੱਲੋਂ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਨੂੰ ਆਰ.ਟੀ.ਆਈ ਭੇਜ ਕੇ ਜਾਣਕਾਰੀ ਦੇਣ ਲਈ ਬੇਨਤੀ ਵੀ ਕੀਤੀ ਗਈ ਹੈ। ਭਾਵੇਂ ਇਸ ਆਰ.ਟੀ.ਆਈ ਦਾ ਅਜੇ ਤੱਕ ਕੋਈ ਜਵਾਬ ਨਹੀਂ ਦਿੱਤਾ ਗਿਆ ਜਦੋਂ ਕੋਈ ਇਸ ਨੂੰ ਡੇਢ ਮਹੀਨੇ ਦੇ ਕਰੀਬ ਹੋਣ ਲੱਗਾ ਹੈ। ਉਨ੍ਹਾਂ ਕਿਹਾ ਕਿ ਆਰ.ਟੀ.ਆਈ ਦਾ ਜਵਾਬ ਦੇਣ ਦੀ ਬਜਾਏ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਵੱਲੋਂ ਸੀਨੀਅਰ ਸਿਟੀਜਨ ਕੌਂਸਲ ਦੇ ਮੀਟਿੰਗ ਹਾਲ ਨੂੰ ਤਾਲੇ ਮਾਰ ਦਿੱਤੇ ਗਏ ਅਤੇ ਸੀਨੀਅਰ ਸਿਟੀਜਨ ਨੂੰ ਬਾਹਰ ਕੱਢਣ ਵੱਲ ਇੱਕ ਹੋਰ ਕਦਮ ਪੁੱਟ ਦਿੱਤਾ ਹੈ। ਇਸ ਸਬੰਧੀ ਅੱਜ ਜਦੋਂ ਸੀਨੀਅਰ ਸਿਟੀਜਨ ਕੌਂਸਲ ਦੇ ਮੈਂਬਰ ਆਪਣੀ ਹਫਤਾਵਾਰ ਮੀਟਿੰਗ ਹਾਸਿਆਂ ਦੀ ਪਟਾਰੀ ਲਈ ਬਾਗਬਾਨ ਪੁੱਜੇ ਤਾਂ ਹਾਲ ਨੂੰ ਤਾਲਾ ਲੱਗਾ ਵੇਖ ਕੇ ਹੈਰਾਨ ਵੀ ਹੋਏ ਤੇ ਦੁਖੀ ਵੀ ਹੋਏ, ਇਸ ਸਬੰਧੀ ਜਾਣਕਾਰੀ ਲੈਣ ਲਈ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ ਭਰੋਸੇਯੋਗ ਵਸੀਲਿਆਂ ਤੋਂ ਪਤਾ ਲੱਗਾ ਕਿ ਇਹ ਤਾਲੇ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਦੇ ਕਰਮਚਾਰੀ ਵੱਲੋਂ ਲਗਾਏ ਗਏ ਹਨ ਇਸ ਦਾ ਨਹੀਂ ਪਤਾ ਲੱਗਾ ਕਿ ਇਹ ਕਿਉਂ ਲਗਾਏ ਗਏ ਹਨ, ਮਗਰ ਇਨ੍ਹਾਂ ਤਾਲਿਆਂ ਦੀ ਵਜ੍ਹਾ ਨਾਲ ਸੀਨੀਅਰ ਸਿਟੀਜਨ ਕੌਂਸਲ ਦੇ ਮੈਂਬਰਾਂ ਨੂੰ ਬਹੁਤ ਹੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਕੌਂਸਲ ਮੈਂਬਰ ਅੱਜ ਦੀ ਮੀਟਿੰਗ ਹਾਸਿਆਂ ਦੀ ਪਟਾਰੀ ਕਰਨ ਲਈ ਹਾਲ ਤੋਂ ਬਾਹਰ ਬਰਾਂਡੇ ਵਿੱਚ ਹੀ ਮੀਟਿੰਗ ਕਰਨ ਨੂੰ ਮਜਬੂਰ ਹੋ ਗਏ। ਉਨ੍ਹਾਂ ਕਿਹਾ ਕਿ ਸੀਨੀਅਰ ਸਿਟੀਜਨ ਕੌਂਸਲ ਨੇ ਆਪਣੀ ਅੱਜ ਦੀ ਮੀਟਿੰਗ ਵਿੱਚ ਇਹ ਮਤਾ ਪਾਸ ਕਰ ਦਿੱਤਾ ਹੈ ਕਿ ਇਹ ਤਾਲੇ ਲਗਾ ਕੇ ਬਜ਼ੁਰਗਾਂ ਨੂੰ ਬਹੁਤ ਠੇਸ ਪਹੁੰਚਾਈ ਹੈ, ਇੱਕ ਪਾਸੇ ਪੰਜਾਬ ਸਰਕਾਰ ਸਾਡੇ ਬਜ਼ੁਰਗ ਸਾਡਾ ਮਾਨ ਮੁਹਿੰਮ ਚਲਾ ਰਹੀ ਹੈ ਤੇ ਦੂਜੇ ਪਾਸੇ ਫਿਰੋਜਪੁਰ ਦਾ ਜ਼ਿਲ੍ਹਾ ਪ੍ਰਸ਼ਾਸਨ ਬਜ਼ੁਰਗਾਂ ਨੂੰ ਫਿਰ ਬਿਰਧ ਆਸ਼ਰਮ ਚੋਂ ਕੱਢਣ ਲਈ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ, ਜਿਹੜੀ ਕਿ ਬਹੁਤ ਹੀ ਮਾੜੀ ਤੇ ਦੁੱਖਦਾਈ ਘਟਨਾ ਹੈ। ਸੀਨੀਅਰ ਸਿਟੀਜਨ ਕੌਂਸਲ ਦੀ ਮੀਟਿੰਗ ਵਿੱਚ ਮਤਾ ਪਾ ਕੇ ਪ੍ਰਸ਼ਾਸਨ ਨੂੰ ਤਾਲੇ ਖੋਲਣ ਲਈ ਅਪੀਲ ਕੀਤੀ ਗਈ ਹੈ ਅਤੇ ਮਾਣਯੋਗ ਡਿਪਟੀ ਕਮਿਸ਼ਨਰ ਸਾਹਿਬ ਨੂੰ ਬੇਨਤੀ ਕੀਤੀ ਹੈ ਕਿ ਭਵਿੱਖ ਵਿਚ ਅਜਿਹੀ ਘਟਨਾ ਨਾ ਵਾਪਰੇ ਨੂੰ ਧਿਆਨ ਵਿਚ ਰੱਖਦੇ ਹੋਏ ਸੁਸਾਇਟੀ ਨੂੰ ਆਦੇਸ਼ ਜਾਰੀ ਕੀਤੇ ਜਾਣ ਤਾਂ ਜੋ ਬਜ਼ੁਰਗਾਂ ਨੂੰ ਪ੍ਰੇਸ਼ਾਨ ਨਾ ਹੋਣਾ ਪਵੇ।

### ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ

# ਧੰਨ-ਧੰਨ ਬਾਬਾ ਨੰਦ ਸਿੰਘ ਜੀ ਦੀ ਯਾਦ ਵਿਚ ਅਤੇ ਸਰਬੱਤ ਦੇ ਭਲੇ ਲਈ ਮਹਾਂ ਸੰਪਟ ਆਰੰਭ

**ਫ਼ਿਰੋਜ਼ਪੁਰ, 1 ਸਤੰਬਰ (ਮਨੋਹਰ ਲਾਲ) :—** ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਧੰਨ—ਧੰਨ ਬਾਬਾ ਨੰਦ ਸਿੰਘ ਜੀ ਦੀ ਯਾਦ ਵਿਚ 31 ਅਗਸਤ ਨੂੰ ਮਹਾਂ ਸੰਪਟ ਆਰੰਭ ਕੀਤੇ। ਇਸ ਮੌਕੇ ਤੇ ਗੁਪਤ ਮਹਾਂਸੰਪਟ ਵਿਚ ਪਾਠੀ ਸਿੰਘਾਂ ਨੇ ਸ੍ਰੀ ਆਖੰਡ ਪਾਠ ਆਰੰਭ ਹੋਏ। ਇਸ ਮੌਕੇ ਤੇ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਕੀਤੀ ਕਿ ਹੇ ਸੱਚੇਪਾਤਸ਼ਾਹ ਜੀ ਜਿਸ ਤਰ੍ਹਾਂ ਅਸੀਂ ਪਾਠ ਆਰੰਭ ਕੀਤੇ ਹਨ, ਤੁਹਾਡੀ ਮੇਹਰ ਸਦਕਾ ਸੰਪੂਰਨਤਾ ਤੱਕ ਕੋਈ ਕਠਿਨਾਈ ਨਾ ਆਵੇ। ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਅੱਗੇ ਕਿਹਾ ਕਿ ਇਹ ਮਹਾਂਸੰਪਟ ਜੋ ਕਿ 31 ਅਗਸਤ ਤੋਂ 20 ਸਤੰਬਰ ਤੱਕ ਚੱਲਣਗੇ ਅਤੇ 20 ਸਤੰਬਰ (5 ਅੱਸੂ) ਦਿਨ ਸ਼ੁਕਰਵਾਰ ਨੂੰ ਭੋਗ ਪਾਏ ਜਾਣਗੇ। ਬਾਬਾ ਜੀ ਨੇ ਕਥਾ ਕਰਦਿਆਂ ਕਿਹਾ ਕਿ ਇਸ ਭਿਆਨਕ ਕਲਯੁੱਗ ਵਿਚ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਬਚਾ ਸਕਦੇ ਹਨ, ਜਿਨ੍ਹਾਂ ਮਨੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਲੈਂਦਾ ਹੈ, ਉਹ ਹੀ ਬੱਚ ਸਕਦਾ ਹੈ, ਕਿਉਂਕਿ ਸਮਾਂ ਬਹੁਤ ਭਿਆਨਕ ਆ ਰਿਹਾ ਹੈ, ਸਾਨੂੰ ਸਿਰਫ ਤੇ ਸਿਰਫ ਗੁਰਬਾਣੀ ਬਚਾ ਸਕਦੀ ਹੈ, ਸਾਨੂੰ ਉਠਦੇ ਬੈਠਦੇ ਜਦੋਂ ਵੀ ਮੌਕਾ ਮਿਲੇ, ਹਰ ਵਕਤ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ।

ਬਾਬਾ ਜੀ ਨੇ ਅੱਗੇ ਕਿਹਾ ਕਿ ਧੰਨ—ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜਿਨ੍ਹਾਂ ਨੇ 10 ਜਾਮੇ ਲਏ ਹਨ ਅਤੇ ਧੰਨ—ਧੰਨ ਸ੍ਰੀ ਗੁਰੂ ਨਨਕ ਦੇਵ ਜੀ ਕਿਹਾ ਸੀ ਕਿ ਅਸੀਂ 12 ਜਾਮਾ ਵਿਚ ਪ੍ਰਵੇਸ਼ ਹੋ ਕੇ ਲੋਕਾਈ ਦਾ ਸੁਧ ਕਰਾਂਗੇ ਅਤੇ ਬਹੁਤ ਸਾਰੇ ਮਹਾਂਪੁਰਸ਼ ਆ ਕੇ ਲੋਕਾਈ ਨੂੰ ਸਿੱਧੇ ਰਸਤੇ ਪਾ ਕੇ ਲੱਖਾਂ—ਕਰੋੜਾਂ ਸੰਗਤਾਂ ਦਾ ਸੁਧਾਰ ਕਰਨਗੇ ਅਤੇ ਕਰ ਰਹੇ ਹਨ। ਬਾਬਾ ਜੀ ਨੇ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਘਰਾਂ ਵਿਚ ਵੱਧ ਤੋਂ ਵੱਧ ਸਿਮਰਨ ਕਰੋ। ਇਸ ਮੌਕੇ ਤੇ ਚਾਹ ਅਤੇ ਮਿਠਾਈਆਂ ਦਾ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਤੇ ਭਾਈ ਗੁਰਮੇਲ ਸਿੰਘ ਅਰਜਨ, ਭਾਈ ਜੋਗਾ ਸਿੰਘ, ਭਾਈ ਚੰਨ ਸਿੰਘ, ਭਾਈ ਸੁਖਦੇਵ ਸਿੰਘ ਸੁੱਖਾ ਆਦਿ ਹਾਜ਼ਰ ਸਨ। ਇਸ ਮੌਕੇ ਤੇ ਬਾਬਾ ਜੀ ਦੇ ਸੇਵਾਦਾਰ ਭਾਈ ਲੱਖਾ ਸਿੰਘ, ਭਾਈ ਜ਼ਸਵੀਰ ਸਿੰਘ ਜ਼ਸੂ ਨੇ ਸੰਗਤਾਂ ਦੀ ਹੱਥੀਂ ਸੇਵਾ ਕੀਤੀ।



# ਇੰਡੀਅਨ ਸੋਸ਼ਲ ਵੈਲਫੇਅਰ ਸੁਸਾਇਟੀ ਨੇ ਲਾਇਆ ਫਰੀ ਦੰਦਾਂ ਦਾ ਚੈਕਅਪ ਕੈਂਪ





ਫ਼ਿਰੋਜ਼ਪੁਰ, 1 ਸਤੰਬਰ (ਮਨੋਹਰ ਲਾਲ) :— ਇਲਾਕੇ ਵਿਚ ਸਮਾਜ ਸੇਵੀ ਕਾਰਜ ਕਰਦੀ ਆ ਰਹੀ ਇੰਡੀਅਨ ਸੋਸ਼ਲ ਵੈਲਫੇਅਰ ਸੁਸਾਇਟੀ ਫ਼ਿਰੋਜ਼ਪੁਰ ਵੱਲੋਂ ਅੱਜ ਫ਼ਿਰੋਜ਼ਪੁਰ ਵਿਖੇ ਇਕ ਦੰਦਾ ਦਾ ਮੁਫਤ ਚੈਕਅਪ ਕੈਂਪ ਲਗਾਇਆ ਗਿਆ। ਸਾਈ ਪਬਲਿਕ ਸਕੂਲ ਦੇ ਵਿਹੜੇ ਵਿਚ ਲਗਾਏ ਮੁਫਤ ਦੰਦਾਂ ਦੇ ਚੈਕਅਪ ਕੈਂਪ ਵਿਚ ਜੈਨਸਿਸ ਡੈਂਟਲ ਕਾਲਜ ਦੇ ਮਾਹਿਰ ਡਾਕਟਰ ਐਮ.ਡੀ.ਐਸ ਸੋਕਰੀਤ ਅਤੇ ਡਾ: ਮਨੀਸ਼ ਸਮੇਤ ਉਨ੍ਹਾਂ ਦੀ ਟੀਮ ਨੇ ਪਹੁੰਚ ਕੀਤੀ। ਸਕੂਲ ਕੈਂਪਸ ਵਿਚ ਲਗਾਏ ਮੁਫਤ ਜਾਂਚ ਕੈਂਪ ਦੌਰਾਨ ਮਾਹਿਰ ਡਾਕਟਰਾਂ ਤੇ ਉਨ੍ਹਾਂ ਦੀ ਟੀਮ ਵੱਲੋਂ ਲਗਭਗ 250 ਬੱਚਿਆਂ ਦਾ ਚੈਕਅਪ ਕੀਤਾ ਗਿਆ ਅਤੇ ਲੋੜਵੰਦਾਂ ਨੂੰ ਮੁਫਤ ਦਵਾਈਆਂ ਵੀ ਵੰਡੀਆਂ ਗਈਆਂ। ਇਸ ਮੌਕੇ ਹਾਜ਼ਰੀਨ ਨੂੰ ਟੂਥ ਪੇਸਟ ਅਤੇ ਟੂਥ ਬੁਰਸ਼ ਵੰਡਦਿਆਂ ਇਨ੍ਹਾਂ ਦੀ ਸਹੀ ਵਰਤੋਂ ਦੇ ਢੰਗ—ਤਰੀਕਿਆਂ ਤੋਂ ਜਾਣੂ ਕਰਵਾਇਆ ਗਿਆ। ਇਸ ਮੌਕੇ ਸਾਈ ਪਬਲਿਕ ਸਕੂਲ ਦੇ ਪ੍ਰਿੰਸੀਪਲ ਸੁਨੀਰ ਮੋਂਗਾ ਵੱਲੋਂ ਡਾਕਟਰਾਂ ਨੂੰ ਅਤੇ ਸੁਸਾਇਟੀ ਦੇ ਮੈਂਬਰਾਂ ਨੂੰ ਮਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਸੁਸਾਇਟੀ ਦੇ ਪ੍ਰਧਾਨ ਅਤੇ ਸਮੂੰਹ ਮੈਂਬਰਾਂ ਵੱਲੋਂ ਜੈਸਿਸ ਡੈਂਟਲ ਕਾਲਜ ਦੀ ਸਮੂਹ ਟੀਮ ਦਾ ਧੰਨਵਾਦ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਅਤੇ ਸਮੂਹ ਸਟਾਫ ਵੱਲੋਂ ਕੈਂਪ ਵਿੱਚ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਇਸ ਮੌਕੇ ਪ੍ਰਧਾਨ ਸ਼ਮਸ਼ੇਰ ਸਿੰਘ ਸੰਧੂ, ਪੈਟਰਨ ਹਰਜੀਤ ਸਿੰਘ, ਯਸ਼ ਪਾਲ ਸ਼ਰਮਾ, ਕੁਲਦੀਪ ਰਾਏ, ਜਸਬੀਰ ਸਿੰਘ, ਡਾਕਟਰ ਸੰਤੋਸ਼ੀ, ਸ਼ਰਨਜੀਤ ਸਿੰਘ ਬੇਦੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਅੱਜ—ਕੱਲ੍ਹ ਬਹੁਤ ਜ਼ਿਆਦਾ ਜੰਕ ਫੂਡ ਖਾਣ ਨਾਲ ਬੱਚਿਆਂ ਨੂੰ ਕੈਵਿਟੀ ਦਾ ਖ਼ਤਰਾ ਰਹਿੰਦਾ ਹੈ। ਇਸ ਦੇ ਮੱਦੇਨਜ਼ਰ ਅੱਜ ਦੇ ਯੁੱਗ ਵਿੱਚ ਇਸ ਤਰ੍ਹਾਂ ਦੇ ਕੈਂਪ ਦਾ ਆਯੋਜਨ ਜ਼ਰੂਰੀ ਹੋ ਗਿਆ ਹੈ। ਪ੍ਰਿੰਸੀਪਲ ਸੁਨੀਰ ਮੋਂਗਾ ਨੇ ਕਿਹਾ ਕਿ ਜਿਸ ਤਰ੍ਹਾਂ ਅਸੀਂ ਆਪਣੇ ਸਰੀਰ ਦੇ ਹੋਰ ਅੰਗਾਂ ਦੀ ਜਾਂਚ ਕਰਵਾਉਂਦੇ ਹਾਂ, ਇਸੇ ਤਰ੍ਹਾਂ ਸਾਡੇ ਦੰਦਾਂ ਨੂੰ ਵੀ ਦੰਦਾਂ ਦੇ ਡਾਕਟਰ ਤੋਂ ਸਮੇਂ—ਸਮੇਂ ਚੈਕਅਪ ਕਰਵਾਉਂਦੇ ਰਹਿਣਾ ਚਾਹੀਦਾ ਹੈ। ਅੰਤ ਵਿਚ ਸਕੂਲ ਪ੍ਰਿੰਸੀਪਲ ਅਤੇ ਸਟਾਫ਼ ਵੱਲੋਂ ਡਾਕਟਰ ਅਤੇ ਕਾਲਜ ਦੀ ਸਮੁੱਚੀ ਟੀਮ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਕਾਲਜ ਦੇ ਪੀ.ਆਰ.ਓ ਰਣਜੀਤ ਸਿੰਘ ਅਤੇ ਮਨਜੀਤ ਸਿੰਘ ਨੇ ਸਾਰੇ ਮਰੀਜ਼ਾਂ ਨੂੰ ਟੁੱਥ ਪੇਸਟ ਅਤੇ ਬੁਰਸ਼ ਵੀ ਵੰਡੇ।

## ਮਾਂ ਦੇ ਨਾਮ ਦੀ ਮੁਹਿੰਮ ਹਰ ਮਨੁੱਖ ਲਾਵੇ ਮਾਂ ਦੇ ਨਾਮ ਰੁੱਖ ਤਹਿਤ 2500 ਪੌਦੇ ਲਗਾਏ—ਪੀ.ਸੀ ਕੁਮਾਰ



ਫ਼ਿਰੋਜ਼ਪੁਰ, 1 ਸਤੰਬਰ (ਮਨੋਹਰ ਲਾਲ) :— ਪਿਛਲੇ ਇਕ ਹਫਤੇ ਤੋਂ ਮੌਸਮ ਸੁਹਾਵਣਾ ਤੇ ਨਾਲ ਬਨਸਪਤੀ ਦੇ ਅਨੁਕੂਲ ਹੋਣ ਦਾ ਫਾਇਦਾ ਉਠਾਉਂਦੇ ਹੋਏ ਸਰਕਾਰੀ, ਅਰਧ ਸਰਕਾਰੀ, ਪ੍ਰਾਈਵੇਟ ਅਦਾਰਿਆਂ ਵਿਚ ਸਭ ਦੇ ਸਹਿਯੋਗ ਨਾਲ ਨਗਰ ਕੌਂਸਲ ਵੱਲੋਂ ਪੌਦੇ ਪ੍ਰਦਾਨ ਕੀਤੇ ਗਏ, ਨਾਲ ਹੀ ਬਾਬਾ ਵਡਭਾਗ ਸਿੰਘ, ਸ੍ਰੀ ਕ੍ਰਿਸ਼ਨਾ ਗਊਸ਼ਾਲਾ ਦੇ ਪ੍ਰਧਾਨ ਹਰਭਜਨ ਸਿੰਘ ਤੇ ਸਹਿਯੋਗੀ ਮੈਂਬਰਾਂ ਸਦਾਵਰਤ ਪੰਚਾਇਤੀ ਦੇ ਮੈਂਬਰਾਨ ਅਸ਼ਵਨੀ ਕੁਮਾਰ, ਔਮ ਪ੍ਰਕਾਸ਼ ਚਾਵਲਾ, ਡੀ.ਕੇ ਰਜਨੀਸ਼ ਕਪੂਰ, ਮਦਨ ਲਾਲ, ਪੀ.ਸੀ ਕੁਮਾਰ ਆਦਿ ਦੇ ਸਹਿਯੋਗ ਸਦਕਾ 2500—3000 ਪੌਦੇ ਲਗਾ ਕਮੇਟੀ ਦੀ ਹਦੂਦ ਵਿਚ ਮਾਲ ਰੋਡ, ਫੁੱਟਪਾਥ ਵੱਖ—ਵੱਖ ਸਕੂਲਾਂ, ਸਮਸ਼ਾਨਘਾਟ ਆਦਿ ਵਿਚ ਲਗਾ ਕੇ ਉਨ੍ਹਾਂ ਦੀ ਸਾਂਭ—ਸੰਭਾਲ ਦੀ ਜਿੰਮੇਵਾਰੀ ਵੰਡ ਦੇ ਕਰਣ ਦੀ ਬੀੜਾ ਉਠਾਉਂਦੇ ਹੋਏ ਪਹਿਲਾਂ ਦੀ ਤਰ੍ਹਾਂ ਵੱਖ—ਵੱਖ ਇਕੱਠਾਂ ਵਿਚ ਪੀ.ਸੀ ਕੁਮਾਰ ਸੇਵਾ ਮੁਕਤ ਮਾਸ ਮੀਡੀਆ ਅਫਸਰ ਸਿਹਤ ਵਿਭਾਗ ਜ਼ਿਲ੍ਹਾ ਫ਼ਿਰੋਜਪੁਰ ਐਨ.ਜੀ.ਓਜ਼ ਕੋਆਰਡੀਨੇਸ਼ਨ ਕਮੇਟੀ ਸਦਾਵਰਤ ਪੰਚਾਇਤੀ ਦੇ ਮੁੱਖ ਸੇਵਾਕ ਹੋਣ ਦੇ ਨਾਲ ਸੀਨੀਅਰ ਸਿਟੀਜਨ ਸਮਾਜ ਸੁਧਾਰਕ ਵੱਲੋਂ ਹਰ ਪਹਿਲੂ ਉਤੇ ਗੱਲਬਾਤ ਕਰਦਿਆਂ ਇਸ ਮੌਸਮ ਵਿਚ ਜਿਆਦਾ ਤੋਂ ਜਿਆਦਾ ਪੌਦੇ ਲਗਾਉਣ, ਖਾਣ—ਪੀਣ, ਰਹਿਣ—ਸਹਿਣ ਆਦਤਾਂ ਦਾ ਸਾਡੀ ਸਿਹਤ ਤੋਂ ਲੈ ਕੇ ਮਾਨਸਿਕ, ਸਮਾਜਿਕ ਜੀਵਨ ਤੇ ਬਹੁਤ ਪ੍ਰਭਾਵ ਪੈਦਾ ਸੋ ਸਾਨੂੰ ਸਾਰਿਆਂ ਨੂੰ ਤਨ, ਮਨ, ਆਲੇ, ਦੁਆਲੇ ਦੀ ਸਫਾਈ ਵਿਚਾਰਾਂ ਤੇ ਕੰਮ ਵਿਚ ਸ਼ੁੱਧਤਾ ਨੂੰ ਪਹਿਲਾ ਦੇਣ ਤੇ ਜ਼ੋਰ ਦਿੱਤਾ, ਨਾਲ ਹੀ ਕੁੱਖ ਤੇ ਰੁੱਖ ਬਚਾਓ, ਬੇਟੀ ਪੜ੍ਹਾਓ, ਮਾਂ ਦੇ ਨਾਮ ਹਰ ਇਕ—ਇਕ ਰੁੱਖ ਲਗਾਉ ਦਾ ਆਗਾਜ਼ ਕਰਦੇ ਹੋਏ ਹਰ ਇਕ ਇਸ ਨੂੰ ਜੀਵਨ ਵਿਚ ਅਪਨਾਓ ਦੀ ਬੜੀ ਲੋੜ ਹੈ, ਜੋ ਸਵੱਛ ਭਾਰਤ ਦਾ ਨਾ ਹਿਰ ਲਗਾਉਣ ਲਈ ਨਹੀਂ ਬਲ ਕਿ ਅਪਣਾਉਣ ਦਾ ਵਕਤ ਆ ਗਿਆ ਹੈ।

### ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਦੇ ਪਿਤਾ ਬਾਪੂ ਤਰਸੇਮ ਸਿੰਘ ਜੀ ਹਲਕੇ ਦੇ ਪਿੰਡਾਂ ਦਾ ਦੌਰਾ ਕਰਦੇ ਪਹੁੰਚੇ ਗੁੰਨੋਵਾਲ ਗੁਰੂ ਸਾਹਿਬ ਜੀ ਦਾ ਕੀਤਾ ਸ਼ੁਕਰਾਨਾ ਤੇ ਪਿੰਡ ਵਾਸੀਆਂ ਦਾ ਕੀਤਾ ਧੰਨਵਾਦ

# ਸ਼੍ਰੋਮਣੀ ਕਮੇਟੀ ਦੀਆਂ ਵੱਧ ਤੋਂ ਵੱਧ ਵੋਟਾਂ ਬਣਾਓ ਤੇ ਪੰਥ ਦਰਦੀਆਂ ਨੂੰ ਅੱਗੇ ਲੈ ਕਿ ਆਓ

**ਜੰਡਿਆਲਾ ਗੁਰੂ, 1 ਸਤੰਬਰ ( ਕੁਲਵੰਤ ਸਿੰਘ ਵਿਰਦੀ)**-ਲੋਕ ਸਭਾ ਹਲਕਾ ਖਡੂਰ ਸਾਹਿਬ ਜੀ ਤੋਂ ਆਜ਼ਾਦ ਉਮੀਦਵਾਰ ਵਜੋਂ ਵਾਰਸ਼ ਪੰਜਾਬ ਦੇ ਮੁੱਖੀ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਨੇ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕੀਤੀ ਸੀ ਜਿਸ ਦੇ ਚੱਲਦਿਆਂ ਖਾਲਸਾ ਜੀ ਦੇ ਪਿਤਾ ਬਾਪੂ ਤਰਸੇਮ ਸਿੰਘ ਜੀ ਵੱਲੋਂ ਹਲਕੇ ਦੇ ਵੱਖ ਵੱਖ ਪਿੰਡਾਂ ਦਾ ਦੌਰਾ ਕਰਦਿਆਂ ਹੋਇਆਂ ਜੰਡਿਆਲਾ ਗੁਰੂ ਦੇ ਨਜ਼ਦੀਕ ਪੈਂਦੇ ਪਿੰਡ ਗੁੰਨੋਂਵਾਲ ਵਿਖੇ ਪਿੰਡ ਵਿੱਚ ਸਥਿਤ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ ਗਿਆ 9 ਇਸ ਮੌਕੇ ਬਾਪੂ ਤਰਸੇਮ ਸਿੰਘ ਜੀ ਵੱਲੋਂ ਸੰਗਤਾਂ ਦੇ ਸਨਮੁੱਖ ਹੁੰਦਿਆਂ ਹੋਇਆਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਜੀ ਖਾਲਸਾ ਅਤੇ ਸਾਡਾ ਸਮੂਹ ਪ੍ਰੀਵਾਰ ਆਪ ਸਮੂਹ ਪਿੰਡ ਵਾਸੀਆਂ ਦਾ ਤਹਿਦਿਲੋਂ ਧੰਨਵਾਦ ਕਰਦਾ ਹੈ ਜਿਨ੍ਹਾਂ ਨੇ ਪਾਰਟੀ ਬਾਜੀ ਤੋਂ ਉਪਰ ਉੱਠ ਕੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਨੂੰ ਭਾਰੀ ਗਿਣਤੀ ਵਿੱਚ ਵੋਟਾਂ ਪਾ ਕਿ ਕਾਮਯਾਬ ਕੀਤਾ ਅੱਗੇ ਉਨ੍ਹਾ ਕਿਹਾ ਕਿ ਇਹ ਜਿੱਤ ਬੇਸ਼ੱਕ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਦੀ ਜਿੱਤ ਮੰਨਦੇ ਹਨ ਪਰ ਅਸਲ ਵਿੱਚ ਇਹ ਜਿੱਤ ਤੁਹਾਡੀ ਆਪਣੀ ਜਿੱਤ ਹੈ ਅਤੇ ਸਿਆਸਤਦਾਨ ਖਡੂਰ ਸਾਹਿਬ ਹਲਕੇ ਨੂੰ ਪੰਥਕ ਹਲਕਾ ਮੰਨਦੇ ਆ ਰਹੇ ਹਨ ਇਸ ਦਾ ਸਿਹਰਾ ਖਾਲਸੇ ਪੰਥ ਨੂੰ ਜਾਂਦਾ ਹੈ ਕਿਉਂਕਿ ਇਹ ਜਿੱਤ ਅਸਲ ਵਿੱਚ ਖ਼ਾਲਸੇ ਪੰਥ ਦੀ ਜਿੱਤ ਹੈ ਅਤੇ ਸਮੂਹ ਹਲਕਾ ਖਡੂਰ ਸਾਹਿਬ ਜੀ ਵਾਸੀਆਂ ਦਾ ਧੰਨਵਾਦ ਕਰਦੇ ਹਾਂ ਇਸ ਸਬੰਧੀ ਗੱਲਬਾਤ ਦੌਰਾਨ ਬਾਬਾ ਬਿਬੇਕ ਸਿੰਘ ਜੀ ਨੇ ਕਿਹਾ ਕਿ ਜਲਦ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਇਲੈਕਸ਼ਨਾਂ ਵੀ ਹੋ ਰਹੀਆਂ ਹਨ ਅਸੀਂ ਸਭ ਨੇ ਇਨ੍ਹਾਂ ਇਲੈਕਸ਼ਨਾਂ ਵਿੱਚ ਚੰਗੇ ਗੁਣਾਂ ਦੇ ਮਾਲਕ ਅਤੇ ਪੰਥ ਦਰਦੀਆਂ ਨੂੰ ਵੋਟਾਂ ਪਾ ਕਿ ਕਾਮਯਾਬ ਕਰਕੇ ਗੁਰੂ ਘਰਾਂ ਦੇ ਪ੍ਰਬੰਧਾਂ ਨੂੰ ਸਹੀ ਹੱਥਾਂ ਵਿੱਚ ਦੇ ਕਿ ਆਪਣੀ ਵੋਟ ਦਾ ਸਹੀ ਇਸਤੇਮਾਲ ਕਰਕੇ ਆਪਣਾ ਬਣਦਾ ਫਰਜ਼ ਨਿਭਾਉਣਾ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਬਣਾਉਣ ਦੀ ਆਖਰੀ ਤਰੀਕ 16 ਸਤੰਬਰ ਕੀਤੀ ਗਈ ਹੈ ਇਸ ਲਈ ਪੰਥ ਦਰਦੀ ਵੱਧ ਚੜ੍ਹ ਕੇ ਆਪਣੀਆਂ ਵੋਟਾਂ ਬਣਾਉਣ ਇਸ ਮੌਕੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਦੇ ਚਾਚਾ ਬਲਵਿੰਦਰ ਸਿੰਘ ਫੌਜੀ , ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਦੇ ਪ੍ਰਧਾਨ ਜਥੇਦਾਰ ਬਲਵੰਤ ਸਿੰਘ ਪੰਡੋਰੀ,ਰਣਜੀਤ ਸਿੰਘ, ਸਰਪੰਚ ਬਲਬੀਰ ਸਿੰਘ ਗੁੱਨੋਂਵਾਲ, ਐਡਵੋਕੇਟ ਮਨਦੀਪ ਸਿੰਘ ਭਗਵਾਂ, ਨਵਦੀਪ ਸਿੰਘ, ਫਹਿਤ ਸਿੰਘ, ਰਸ਼ਪਾਲ ਸਿੰਘ, ਗੁਰਦੁਆਰਾ ਸਾਹਿਬ ਜੀ ਦੇ ਪ੍ਰਧਾਨ ਦਲਜੀਤ ਸਿੰਘ, ਗੁਰਦੁਆਰਾ ਸਾਹਿਬ ਜੀ ਦੇ ਹੈੱਡ ਗ੍ਰੰਥੀ ਬਾਬਾ ਨਿਰਮਲ ਸਿੰਘ, ਬਲਵਿੰਦਰ ਸਿੰਘ ਕੰਗ, ਅਵਤਾਰ ਸਿੰਘ ਧੀਰੇਕੋਟ, ਦਰਸ਼ਨ ਸਿੰਘ ਜਾਣੀਆਂ, ਤਰਲੋਕ ਸਿੰਘ ਬਿੱਟਾ, ਗਗਨਦੀਪ ਸਿੰਘ, ਗੁਰਿੰਦਰਪਾਲ ਸਿੰਘ,ਹਰਕੀਰਤ ਸਿੰਘ ਤਜਿੰਦਰ ਸਿੰਘ, ਦਲੀਪ ਸਿੰਘ ਏਕਲਗੱਡਾ, ਹਰਪਾਲ ਸਿੰਘ, ਦਲਜੀਤ ਸਿੰਘ, ਪ੍ਰਿਥੀਪਾਲ ਸਿੰਘ, ਕੰਵਲਪ੍ਰੀਤ ਸਿੰਘ, ਅਤੇ ਬੀਬੀਆਂ ਵੀ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

### ਜੇ ਤਨਖਾਹੀਏ ਨਾਲ ਤਨਖਾਹੀਏ ਵਾਲਾ ਵਿਹਾਰ ਹੀ ਨਹੀ ਕਰਨਾ

# ਫੇਰ ਤਨਖਾਹੀਆ ਕਰਾਰ ਹੀ ਕਿਉਂ ਦੇਣਾ ਸੀ ? : ਪੰਜੋਲੀ

**ਜਥੇਦਾਰ ਕਰਨੈਲ ਸਿੰਘ** ਪੰਜੋਲੀ ਨੇ ਸਖਤ ਪ੍ਰਤੀਕਰਿਆ ਕਰਦਿਆ ਕਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵਾਰ ਵਾਰ ਚੈਲਿਜ ਕਰ ਰਿਹਾ ਹੈ ਅਤੇ ਧੋਖਾ ਵੀ ਕਰ ਰਿਹਾ ਹੈ ।ਤਨਖਾਹੀਆ ਹੋਣ ਤੋ ਬਾਅਦ ਸ ਸੁਖਬੀਰ ਸਿੰਘ ਬਾਦਲ ਸਿਖ ਰਵਾਇਤਾਂ ਤੇ ਪਰੰਪਰਾ ਦਾ ਘਾਣ ਕਰ ਰਿਹਾ ਹੈ।





ਉਨ੍ਹਾਂ ਜਥੇਦਾਰ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਬਾਰੇ ਨਿਰਾਸ਼ਾ ਪ੍ਰਗਟ ਕਰਦਿਆਂ ਕਿਹਾ ਕਿ ਜੇ ਤਨਖਾਹੀਏ ਨਾਲ ਤਨਖਾਹੀਏ ਵਾਲਾ ਵਿਹਾਰ ਹੀ ਨਹੀ ਕਰਨਾ ਫੇਰ ਤਨਖਾਹੀਆ ਕਰਾਰ ਹੀ ਕਿਓ ਦੇਣਾ ਸੀ ?ਉਨ੍ਹਾਂ ਕਿਹਾ ਕਿ ਤਨਖਾਹੀਏ ਸਿਖ ਨਾਲ ਕੋਈ ਕਲਾਮ ਨਹੀ ਕਰਦਾ ਪਰ ਇਥੇ ਸੁਖਬੀਰ ਸਿੰਘ ਬਾਦਲ ਨੂੰ ਕੋਈ ਫਰਕ ਈ ਨਹੀ ।ਉਹ ਸੰਗਤ ਵਿਚ ਵਿਚਰ ਵੀ ਰਿਹਾ ਹੈ ਤੇ ਉਹਦੇ ਲਾਮ ਲਸ਼ਕਰ ਵਿਚ ਕਿਸੇ ਵੀ ਤਰਾਂ ਦਾ ਤਨਖਾਹੀਏ ਕਰਾਰ ਦੇਣ ਦਾ ਕੋਈ ਅਹਿਸਾਸ ਨਹੀ ।

ਉਨ੍ਹਾ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਲਿਖੀ ਖਿਮਾਜਾਚਨਾ ਵਾਲੀ ਚਿੱਠੀ ਸ਼੍ਰੋਮਣੀ ਅਕਾਲੀ ਦਲ ਦੇ ਲੈਟਰਪੈਡ ਉਤੇ ਲਿਖੀ ਹੈ ਜੋਕਿ ਸਰਸਾਰ ਗਲਤ ਗੱਲ ਹੈ ਤੇ ਓਸ ਖਿਮਾਜਾਚਨਾ ਹੇਠਾਂ ਦਸਤਖਤ ਵੀ ਨਹੀ ਕੀਤੇ ਤੇ ਝਰੀਟ ਮਾਰ ਦਿਤੀ। ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਸਖਤ ਪ੍ਰਤੀਕਰਿਆ ਕਰਦਿਆ ਕਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਦਾ ਸ੍ਰੀ ਅਕਾਲ ਤਖਤ ਸਾਹਿਬ ਜਾਣਾ ਕੁਫਰ ਹੈ ਕਿਉਂਕਿ ਉਥੇ ਲਿਖਕੇ ਵੀ ਲਾਇਆ ਹੋਇਆ ਹੈ ਕਿ ਤਨਖਾਹੀਆ ਸਿੱਖ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਹੀ ਆ ਸਕਦਾ ।ਉਨ੍ਹਾਂ ਸਵਾਲ ਪੁਛਿਆ ਕਿ ਪੰਥ ਵਿਚੋਂ ਤਨਖਾਹੀਆ ਕਰਾਰ ਦਿਤੇ ਜਾਂ ਛੇਕੇ ਕੋਈ ਹੋਰ ਲੋਕ ਜੇ ਸੁਖਬੀਰ ਸਿੰਘ ਬਾਦਲ ਵਾਂਗ ਅਕਾਲ ਤਖਤ ਸਾਹਿਬ ਆਉਣ ਤਾਂ ਕੀ ਉਨ੍ਹਾ ਨੂੰ ਵੀ ਇਸੇ ਤਰਾਂ ਖੁੱਲ੍ਹ ਹੋਵੇਗੀ ? ਉਨ੍ਹਾਂ ਕਿਹਾ ਕਿ ਲਾਜਮੀ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਉਨ੍ਹਾਂ ਲੋਕਾਂ ਨੂੰ ਤਨਖਾਹੀਆ ਕਰਕੇ ਅਕਾਲ ਤਖਤ ਸਾਹਿਬ ਜਾਣ ਨਹੀ ਦੇਵੇਗੀ ਪਰ ਸੁਖਬੀਰ ਸਿੰਘ ਬਾਦਲ ਨੂੰ ਪੂਰੀ ਵੀ ਆਈ ਪੀ ਸਹੂਲਤ ਦਿੱਤੀ ਗਈ ।

ਉਨ੍ਹਾਂ ਕਿਹਾ ਸੁਖਬੀਰ ਸਿੰਘ ਬਾਦਲ ਵਲੋਂ ਦਰਬਾਰ ਸਾਹਿਬ ਕੰਪਲੈਕਸ ਵਿਚ ਲਾਮ ਲਸ਼ਕਰ ਨਾਲ ਜਾਣਾ ਗਲਤ ਹੈ ਤੇ ਅਕਾਲ ਤਖਤ ਸਾਹਿਬ ਜਾਣਾ ਕੁਫਰ ਹੈ ।ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਸਖਤ ਪ੍ਰਤੀਕਰਿਆ ਕਰਦਿਆ ਕਿਹਾ ਹੈ ਕਿ ਸ ਸੁਖਬੀਰ ਸਿੰਘ ਬਾਦਲ ਦੇ ਨਾਲ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਓਨਾ ਦੇ ਨਾਲ ਧੜਵੈਲ ਬਿਰਤੀ ਵਾਲਾ ਟੋਲਾ ਸੰਗਤਾ ਨੂੰ ਤੰਗ ਪ੍ਰੇਸ਼ਾਨ ਕਰਦਾ ਹੋਇਆ ਦਰਬਾਰ ਸਾਹਿਬ ਮੱਥਾ ਟੇਕਣ ਗਿਆ ਜੋਕਿ ਸੰਗਤ ਦੀ ਤੌਹੀਨ ਹੈ ।ਅਸਲ ਵਿਚ ਸ ਸੁਖਬੀਰ ਸਿੰਘ ਬਾਦਲ ਖੁਦ ਨੂੰ ਹੁਣ ਵੀ ਵੀ ਆਈ ਪੀ ਦਾਇਰੇ ਵਿਚ ਹੀ ਸਮਝਦਾ ਹੈ ।ਉਨਾ ਦੇ ਅਮਲੇ ਫੈਲੇ ਨੇ ਪਰਕਰਮਾ ਵਿਚ ਭੋਰਾ ਖਿਆਲ ਨਹੀ ਰਖਿਆ ਕਿ ਸ ਬਾਦਲ ਨੂੰ ਅਕਾਲ ਤਖਤ ਸਾਹਿਬ ਤੋਂ ਤਨਖਾਹੀਆ ਕਰਾਰ ਦਿਤਾ ਹੋਇਆ ਹੈ।

ਜਥੇਦਾਰ ਪੰਜੋਲੀ ਨੇ ਆਖਿਆ ਕਿ ਸ ਸੁਖਬੀਰ ਸਿੰਘ ਬਾਦਲ ਨੂੰ ਅਕਾਲ ਤਖਤ ਸਾਹਿਬ ਜਾਣ ਦਾ ਕੋਈ ਹੱਕ ਨਹੀ ਕਿਓਂਕਿ ਇਹ ਮਰਿਆਦਾ ਦੀ ਉਲੰਘਣਾ ਹੈ ।ਉਨਾ ਕਿਹਾ ਕਿ ਸਾਫ ਦਿਸਦਾ ਹੈ ਕਿ ਅਕਾਲ ਤਖਤ ਸਾਹਿਬ ਅਤੇ ਸ਼ਰੋਮਣੀ ਕਮੇਟੀ ਦਾ ਸਮੁਚਾ ਪਰਬੰਧ ਇਕ ਤਨਖਾਹੀਏ ਸਾਹਮਣੇ ਬੇਵਸ ਤੇ ਲਾਚਾਰ ਹੋਇਆ ਪਿਆ ਹੈ।

ਉਨਾ ਕਿਹਾ ਕਿ ਆਪਦੇ ਵਲੋ ਸ ਸੁਖਬੀਰ ਸਿੰਘ ਬਾਦਲ ਜਿਵੇ ਮਰਜੀ ਸੁਰਖ਼ੁਰੂ ਹੋਣ ਦਾ ਭਰਮ ਸਿਰਜ ਲੈਣ ਪਰ ਜੋ ਕੁਛ ਓਹ ਕਰ ਰਹੇ ਹਨ ਸਿਖ ਮਾਨਸਿਕਤਾ ਵਿਚੋ ਓਹ ਸਦਾ ਲਈ ਖਤਮ ਹੋ ਜਾਣਗੇ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਜੋ ਨੱਬੇ ਲੱਖ ਗੁਰੂ ਦੀ ਗੋਲਕ ਦਾ ਇਸ਼ਿਤਹਾਰਾਂ ਦੇ ਨਾਂ ਉਤੇ ਵੰਡਿਆ ਉਸ ਬਾਰੇ ਕੋਈ ਕਾਰਵਾਈ ਨਹੀ ਹੋਈ ।ਉਨ੍ਹਾਂ ਕਿਹਾ ਕਿ ਹੁਣ ਤੱਕ ਅਕਾਲ ਤਖਤ ਸਾਹਿਬ ਤੋਂ ਸੁਖਬੀਰ ਸਿੰਘ ਬਾਦਲ ਤੇ ਹੋਰਾਂ ਬਾਰੇ ਸੁਣਵਾਈ ਤੋਂ ਜਾਪਦਾ ਹੈ ਜਿਵੇਂ ਇਹ ਡੇਰਾ ਸਰਸਾ ਖਿਲਾਫ ਹੁਕਮਨਾਮੇ ਦੀ ਉਲੰਘਣਾ ਦਾ ਮਾਮਲਾ ਹੀ ਹੋਵੇ ਜਦਕਿ ਖਾਲਸਾ ਪੰਥ ਦਾ ਦੁਖ ਤਾਂ ਇਹ ਹੈ ਕਿ ਸੱਤਾਧਾਰੀ ਹੁੰਦਿਆਂ ਬਾਦਲ ਦਲ ਨੇ ਸਿਖ ਕੌਮ ਦਾ ਧਾਰਮਿਕ ,ਰਾਜਨਿਤਕ ,ਆਰਥਕ , ਸੱਭਿਆਚਾਰਕ ,ਸਮਾਜਿਕ ਨੁਕਸਾਨ ਕਰਕੇ ਪੰਥ ਅਤੇ ਪੰਜਾਬ ਦੇ ਦੁਸ਼ਮਣਾਂ ਦਾ ਪੱਖ ਪੂਰਿਆ ਹੈ ।ਪੰਥ ਨੂੰ ਦੁਖ ਹੈ ਕਿ ਬਾਦਲ ਦਲ ਨੇ ਸੱਤਾ ਹਾਸਿਲ ਕਰਕੇ ਕੌਮ ਦਾ ਘਾਣ ਕੀਤਾ ,ਸਿਖ ਸੰਸਥਾਵਾ ,ਰਵਾਇਤਾ,ਪਰੰਪਰਾਵਾ ,ਸਿਧਾਂਤ ਰੋਲ ਦਿਤੇ ,ਸਿਖ ਕਿਰਦਾਰ ਮਾਰਿਆ ,ਗੁਰੂਡੰਮ ਤੇ ਡੇਰਾਬਾਦ ਸਮੇਤ ਆਰ ਐਸ ਐਸ ਵਰਗੀਆਂ ਸਿਖ ਦੋਖੀ ਤਾਕਤਾਂ ਨੂੰ ਸਰਪ੍ਰਸਤੀ ਦਿਤੀ ।ਸਿਖਾਂ ਦੇ ਕਾਤਲ ਇਜਹਾਰ ਆਲਮ ਸੁਮੇਧ ਸੈਣੀ ਸਮੇਤ ਸਾਰੇ ਜਾਲਿਮ ਪੁਲਸੀਆਂ ਨੂੰ ਨਿਵਾਜਿਆ, ਬੁੱਚੜ ਪੁਲਸੀਆਂ ਦੇ ਕੇਸ ਲੜੇ ਤੇ ਜੇ ਕੋਈ ਸਿਖ ਪਰਿਵਾਰ ਅਦਾਲਤ ਵਿਚੋ ਸਜਾ ਕਰਵਾ ਹੀ ਗਿਆ ਤਾਂ ਅਸੰਬਲੀ ਰਾਹੀ ਕਾਤਲ ਪੁਲਸੀਆਂ ਦੀ ਸਜਾ ਮਾਫ ਕਰਵਾਈ ।ਕੁਲ ਮਿਲਾਕੇ ਗੱਲ ਇਹ ਹੈ ਕਿ ਸਿਖ ਸੋਚਦੇ ਸੀ ਕਿ ਜਦ ਅਕਾਲੀ ਦਲ ਦਾ ਰਾਜ ਆ ਗਿਆ ਤਾਂ ਸਿਖ ਹਿਤਾਂ ਤੇ ਹੱਕਾਂ ਦੀ ਪਹਿਰੇਦਾਰੀ ਅਤੇ ਪੂਰਤੀ ਹੋਵੇਗੀ ਤੇ ਪੰਜਾਬ ਅਤੇ ਪੰਥ ਦੇ ਬਹੁਤੇ ਮਸਲੇ ਹੱਲ ਹੋ ਜਾਣਗੇ ਪਰ ਅਕਾਲੀ ਦਲ ਦੇ ਰਾਜ ਵਿਚ ਬੇੜਾ ਹੀ ਗਰਕ ਹੋਗਿਆ ।ਜੋ ਕੁਛ ਪੰਥ ਤੇ ਪੰਜਾਬ ਨਾਲ ਕਾਂਗਰਸ ਕਰਦੀ ਹੈ ਓਹੀ ਕੁਛ ਅਕਾਲੀ ਦਲ ਨੇ ਕੀਤਾ ।ਵਿਕਾਸ ਵੀ ਦੋਵੇ ਕਰਦੇ ਹਨ ਤੇ ਵਿਨਾਸ਼ ਵੀ ਦੋਵੇਂ ਕਰਦੇ ਹਨ ।ਸੋ ਸਿਖਾਂ ਦਾ ਦਰਦ ਇਹ ਹੈ ਕਿ ਅਕਾਲੀ ਲੀਡਰਸ਼ਿਪ ਨੇ ਅਕਾਲੀ ਦਲ ਨੂੰ ਕਾਂਗਰਸ ਵਿਚ ਬਦਲ ਦਿਤਾ ਜਿਸ ਕਰਕੇ ਹੁਣ ਦੋਵੇ ਪਾਰਟੀਆਂ ਵਿਚ ਇਕ ਦੂਜੇ ਵਿਚ ਆਉਣਾ ਜਾਣਾ ਕੋਈ ਉਲਝਣ ਪੈਦਾ ਨਹੀ ਕਰਦਾ।

ਜਥੇਦਾਰ ਪੰਜੋਲੀ ਨੇ ਕਿਹਾ ਕਿ ਮਹਿਸੂਸ ਹੋ ਰਿਹਾ ਹੈ ਕਿ ਜੇ ਜਥੇਦਾਰ ਸਾਹਿਬਾਨ ਨੇ ਸਥਿਤੀ ਦੀ ਗੰਭੀਰਤਾ,ਅਹਿਮੀਅਤ ਤੇ ਸੰਵੇਦਨਸ਼ੀਲਤਾ ਨੂੰ ਨਾ ਸਮਝਿਆ ਤਾਂ ਪੰਥ ਦਾ ਸੰਤਾਪ ਹੋਰ ਵਧੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ ਮਨਾਉਣ ਸਬੰਧੀ ਤਿਆਰੀਆਂ ਮੁਕੰਮਲ—ਭਾਈ ਹਰਮੀਤ ਸਿੰਘ



**ਫ਼ਿਰੋਜ਼ਪੁਰ, 1 ਸਤੰਬਰ (ਮਨੋਹਰ ਲਾਲ) :—** ਬਾਬਾ ਬੁੱਢਾ ਜੀ ਗ੍ਰੰਥੀ ਪਾਠੀ ਸਭਾ ਰਜਿਸਟਰ ਅਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ 4 ਸਤੰਬਰ ਦਿਨ ਬੁੱਧਵਾਰ ਨੂੰ ਗੁਰਦੁਆਰਾ ਸੰਗਤਸਰ ਸਾਹਿਬ ਭਗਤ ਸਿੰਘ ਕਲੋਨੀ ਵਿਖੇ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਸਾਂਝੀ ਕਰਦਿਆਂ ਸਭਾ ਦੇ ਪ੍ਰਧਾਨ ਭਾਈ ਹਰਮੀਤ ਸਿੰਘ ਨੇ ਕਿਹਾ ਕਿ ਸਰਬੱਤ ਦੇ ਭਲੇ ਲਈ ਰੱਖੇ ਗਏ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ 4 ਸਤੰਬਰ ਦਿਨ ਬੁੱਧਵਾਰ ਨੂੰ ਸਵੇਰੇ 9 ਵਜੇ ਪਾਏ ਜਾਣਗੇ, ਜਿਸ ਵਿਚ ਸਮੂਹ ਇਲਾਕਾ ਨਿਵਾਸੀ ਸੰਗਤ ਨੂੰ ਪੁੱਜ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਅਪੀਲ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਸਭਾ ਵੱਲੋਂ ਕੀਰਤਨ ਦਰਬਾਰ ਕਰਵਾਇਆ ਜਾਵੇਗਾ ਅਤੇ 10 ਵਜੇ ਸਮਾਪਤੀ ਹੋਵੇਗੀ। ਉਨ੍ਹਾਂ ਕਿਹਾ ਕਿ ਸ਼ਾਮ ਨੂੰ 7 ਤੋਂ 11 ਵਜੇ ਤੱਕ ਕਥਾ ਕੀਰਤਨ ਦਰਬਾਰ ਹੋਵੇਗਾ ਸਮੂਹ ਇਲਾਕਾ ਨਿਵਾਸੀ ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਹਾਜ਼ਰੀ ਭਰਕੇ ਗੁਰਬਾਣੀ ਸਰਵਣ ਕਰਕੇ ਆਪਣਾ ਜੀਵਨ ਸਫਲ ਕਰੀਏ ਜੀ। ਉਨ੍ਹਾਂ ਕਿਹਾ ਕਿ ਇਨ੍ਹਾਂ ਧਾਰਮਿਕ ਸਮਾਗਮਾਂ ਸਬੰਧੀ ਸਭਾ ਦੇ ਪ੍ਰਧਾਨ ਵੱਲੋਂ ਜਨਰਲ ਮੀਟਿੰਗ ਬੁਲਾਕੇ ਸਭਾ ਦੇ ਮੈਂਬਰਾਂ ਨਾਲ ਜਾਣਕਾਰੀ ਸਾਂਝੀ ਕੀਤੀ, ਜਿਸ ਵਿਚ ਚੇਅਰਮੈਨ ਸਤਨਾਮ ਸਿੰਘ ਸਾਜਨ, ਪ੍ਰਧਾਨ ਹਰਮੀਤ ਸਿੰਘ, ਮੀਤ ਪ੍ਰਧਾਨ ਭਾਈ ਕੁਲਵੰਤ ਸਿੰਘ, ਸਕੱਤਰ ਅਵਤਾਰ ਸਿੰਘ ਫੌਜੀ, ਮੀਤ ਸਕੱਤਰ ਕਰਨੈਲ ਸਿੰਘ, ਖਜਾਨਚੀ ਭਾਈ ਗੁਰਵਿੰਦਰ ਸਿੰਘ, ਮੀਤ ਖਜਾਨਚੀ ਗੁਰਨਾਮ ਸਿੰਘ, ਭਾਈ ਬਸੰਤ ਸਿੰਘ ਅਤੇ ਹੋਰ ਮੈਂਬਰ ਸਾਹਿਬਾਨ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਸਮਾਗਮ ਲਈ ਐਸ .ਐਸ .ਪੀ ਫ਼ਿਰੋਜ਼ਪੁਰ ਨੂੰ ਦਿੱਤਾ ਸੱਦਾ ਪੱਤਰ

ਫ਼ਿਰੋਜ਼ਪੁਰ, 1 ਸਤੰਬਰ (ਮਨੋਹਰ ਲਾਲ) :— ਇਲਾਕੇ ਵਿਚ ਧਾਰਮਿਕ ਸਮਾਗਮ ਕਰਵਾ ਕੇ ਲੋਕਾਂ ਵਿਚ ਧਾਰਮਿਕ ਬਿਰਤੀ ਪੈਦਾ ਕਰ ਰਹੀ ਬਾਬਾ ਬੁੱਢਾ ਜੀ ਗ੍ਰੰਥੀ ਪਾਠੀ ਸਭਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ 4 ਸਤੰਬਰ ਨੂੰ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਬਾਬਾ ਬੁੱਢਾ ਜੀ ਗ੍ਰੰਥੀ ਪਾਠੀ ਸਭਾ ਦੇ ਆਗੂ ਨੇ ਦੱਸਿਆ ਕਿ ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਐਸ.ਐਸ.ਪੀ ਫ਼ਿਰੋਜ਼ਪੁਰ ਸੋਮਿਆ ਮਿਸ਼ਰਾ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਸੱਦਾ ਪੱਤਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ ਜੋ ਕਿ 4 ਸਤੰਬਰ ਦਿਨ ਬੁੱਧਵਾਰ ਨੂੰ ਸਭਾ ਅਤੇ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸੰਗਤਸਰ ਸਾਹਿਬ ਭਗਤ ਸਿੰਘ ਕਲੋਨੀ ਵਿਖੇ ਮਨਾਇਆ ਜਾ ਰਿਹਾ ਹੈ, ਉਨ੍ਹਾਂ ਨੂੰ ਇਸ ਪ੍ਰੋਗਰਾਮ ਦੀ ਜਾਣਕਾਰੀ ਦਿੱਤੀ ਗਈ ਅਤੇ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਸੱਦਾ ਪੱਤਰ ਵੀ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਐਸ.ਐਸ.ਪੀ ਸੋਮਿਆ ਮਿਸ਼ਰਾ ਜੀ ਬੜੇ ਮਿੱਠੇ ਸੁਭਾਅ ਦੇ ਹਨ, ਉਨ੍ਹਾਂ ਨੇ ਸਾਡਾ ਸੱਦਾ ਪੱਤਰ ਬੜੇ ਸਤਿਕਾਰ ਨਾਲ ਪ੍ਰਵਾਨ ਕੀਤਾ ਅਤੇ ਉਨ੍ਹਾਂ ਕਿਹਾ ਕਿ ਅਸੀਂ ਜਰੂਰ ਹਾਜ਼ਰੀ ਭਰਾਂਗੇ।



ਆਵਾਜ਼ਿ ਕੌਮ AWAZE QAUM International Newspaper & WEB TV

# ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿਖੇ ਹੋਈ ਪੀ.ਟੀ.ਐਮ

ਫ਼ਿਰੋਜ਼ਪੁਰ, 1 ਸਤੰਬਰ (ਮਨੋਹਰ ਲਾਲ) :— ਫ਼ਿਰੋਜ਼ਪੁਰ—ਮੋਗਾ ਰੋਡ ਤੇ ਸਥਿਤ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿਖੇ ਹੋਈ ਪੇਰੈਂਟਸ—ਟੀਚਰ ਮੀਟਿੰਗ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਆਗੂਆਂ ਨੇ ਦੱਸਿਆ ਕਿ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਜੋ ਕਿ ਡਾ: ਹੀਰਾ ਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੀ ਅਗਵਾਈ ਹੇਠ ਚੱਲ ਰਿਹਾ ਹੈ ਅਤੇ ਇਸ ਸੰਸਥਾ ਵੱਲੋਂ ਆਏ ਦਿਨ ਨੂੰ ਮਨਾਉਣ ਦੇ ਨਾਲ—ਨਾਲ ਅੱਜ ਪੇਰੈਂਟਸ—ਟੀਚਰ ਮੀਟਿੰਗ ਕਰਵਾਈ ਗਈ। ਸਕੂਲ ਪ੍ਰਿੰਸੀਪਲ ਰੇਖਾ ਪਾਸੀ ਨੇ ਦੱਸਿਆ ਕਿ ਪੀ.ਟੀ.ਐਮ ਦਾ ਉਦੇਸ਼ ਬੱਚਿਆਂ ਦੇ ਮਾਪਿਆਂ ਨੂੰ ਸ਼ੁਰੂ ਹੋਣ ਵਾਲੀਆਂ ਟਰਮ—1 ਦੀਆਂ ਪ੍ਰੀਖਿਆਵਾਂ ਲਈ ਉਨ੍ਹਾਂ ਦੀ ਜਮਾਤ ਵਿੱਚ ਵੱਖ—ਵੱਖ ਵਿਸ਼ਿਆਂ ਵਿੱਚ ਪ੍ਰਦਰਸ਼ਨ ਅਤੇ ਪੜ੍ਹਾਈ ਵਿੱਚ ਉਨ੍ਹਾਂ ਦੇ ਪੱਧਰ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕਰਨਾ ਹੈ ਤਾਂ ਜੋ ਵਿਦਿਆਰਥੀ ਟਰਮ—1 ਦੀ ਪ੍ਰੀਖਿਆ ਵਿੱਚ ਵਧੀਆ ਪ੍ਰਦਰਸ਼ਨ ਕਰ ਸਕਣ ਅਤੇ ਚੰਗੇ ਅੰਕ ਪ੍ਰਾਪਤ ਕਰ ਸਕਣ। ਇਸ ਤੋਂ ਇਲਾਵਾ ਅਧਿਆਪਕਾਂ ਨੇ ਆਉਣ ਵਾਲੇ ਇਮਤਿਹਾਨਾਂ ਦੇ ਸਿਲੇਬਸ ਬਾਰੇ ਵੀ ਮਾਪਿਆਂ ਨੂੰ ਜਾਣੂ ਕਰਵਾਇਆ ਅਤੇ ਵਿਦਿਆਰਥੀਆਂ ਨੂੰ ਆਉਣ ਵਾਲੀਆਂ ਪ੍ਰੀਖਿਆਵਾਂ ਵਿੱਚ ਹੋਰ ਵੀ ਲਗਨ ਅਤੇ ਮਿਹਨਤ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਸਟਾਫ਼ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

ਭਾਈ ਅਵਤਾਰ ਸਿੰਘ ਜੀ ਖੰਡਾ ਦੀ ਪਹਿਲੀ ਸਾਲਾਨਾ ਯਾਦ ਨੂੰ ਸਮਰਪਿਤ

# ਗੁਰਦਵਾਰਾ ਬਾਬਾ ਸੰਗ ਜੀ ਸਮੈਦਿਕ ਵਿਖੇ ਵਿਸ਼ਾਲ ਸਮਾਗਮ ਕਰਵਾਇਆ ਗਿਆ



















(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

**ਬਰਮਿੰਘਮ, 1 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪਿਛਲੇ ਸਾਲ ਸ਼ੱਕੀ ਹਾਲਾਤਾਂ ਵਿੱਚ ਅਕਾਲ ਚਲਾਨਾ ਕਰ ਗਏ ਭਾਈ ਅਵਤਾਰ ਖੰਡਾ ਦੀ ਪਹਿਲੀ ਸਾਲਾਨਾ ਯਾਦ ਨੂੰ ਸਮਰਪਿਤ ਸਮਾਗਮ ਗੁਰਦਵਾਰਾ ਬਾਬਾ ਸੰਗ ਜੀ ਸਮੈਦਿਕ ਵਿਖੇ ਵਿਸ਼ਾਲ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਜੇ ਹੋਏ ਦੀਵਾਨ ਵਿੱਚ ਸ੍ਰ, ਸੁਖਵਿੰਦਰ ਸਿੰਘ ਦੇ ਕੀਰਤਨੀ ਜਥੇ ਨੇ ਇਲਾਹੀ ਬਾਣੀ ਦਾ ਕੀਰਤਨ ਕੀਤਾ। ਗੁਰਦਵਾਰਾ ਸਾਹਿਬ ਦੇ ਮੁਖ ਸੇਵਾਦਾਰ ਭਾਈ ਰਘਬੀਰ ਸਿੰਘ ਬੀਰਾ ਨੇ ਸਟੇਜ ਦੀ ਸੇਵਾ ਨਿਭਾਉਂਦਿਆਂ ਭਾਈ ਅਵਤਾਰ ਸਿੰਘ ਖੰਡਾ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਸਿੱਖ ਫੈਡਰੇਸ਼ਨ ਯੂ,ਕੇ ਦੇ ਭਾਈ ਅਮਰੀਕ ਸਿੰਘ ਗਿੱਲ, ਭਾਈ ਹਰਦੀਸ਼ ਸਿੰਘ,ਭਾਈ ਕੁਲਦੀਪ ਸਿੰਘ ਚਹੇੜੂ, ਯੂਨਾਈਟਿਡ ਖਾਲਸਾ ਦਲ ਯੂ,ਕੇ ਦੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਨਿਰੰਜਨ ਸਿੰਘ ਬਾਸੀ ,ਇੰਟਰਨੈਸ਼ਨਲ ਪੰਥਕ ਦਲ ਦੇ ਪ੍ਰਧਾਨ ਭਾਈ ਰਘਬੀਰ ਸਿੰਘ ਭਾਈ ਕਪਤਾਨ ਸਿੰਘ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ ਯੂ ਕੇ ,ਜਤਿੰਦਰ ਸਿੰਘ ਬਾਸੀ ,ਭਾਈ ਕੁਲਦੀਪ ਸਿੰਘ ਦਿਓਲ ਪ੍ਰਧਾਨ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਭਾਈ ਮਲਕੀਤ ਸਿੰਘ ਤੇਹਿੰਗ ਭਾਈ ਜਗਜੀਤ ਸਿੰਘ ਜੀਤਾ ਪੀ ਬੀ ਸੀ ਚੈਨਲ ਭਾਈ ਗੁਰਪਰੀਤ ਸਿੰਘ ਭਾਈ ਜਸਪਾਲ ਸਿੰਘ ਨਿੰਝਰ ਭਾਈ ਪ੍ਰਭਜੀਤ ਸਿੰਘ ਭਾਈ ਗੁਰਬਿੰਦਰ ਸਿੰਘ ਗਿੱਲ ਸਿੱਖਸ ਫਾਰ ਜਸਟਿਸ ਦੇ ਭਾਈ ਦੁਪਿੰਦਰਜੀਤ ਸਿੰਘ, ਭਾਈ ਜਸ ਸਿੰਘ ਡਰਬੀ ,ਸ਼ਹੀਦ ਭਾਈ ਸੁਰਿੰਦਰ ਸੋਢੀ ਦੇ ਭੈਣ ਜੀ ਬੀਬੀ ਗੁਰਵਿੰਦਰ ਕੌਰ ਜੀ,ਭਾਈ ਮਨਪ੍ਰੀਤ ਸਿੰਘ ਵਲਰਡ ਸਿਖ ਪਾਰਲੀਮੈਂਟ, ਭਾਈ ਹਰਚਰਨਜੀਤ ਸਿੰਘ ਧਾਮੀ, ਭਾਈ ਦਵਿੰਦਰ ਸਿੰਘ ਸਟੇਜ ਸਕੱਤਰ ਗੁਰਦਵਾਰਾ ਬਾਬਾ ਸੰਗ ਜੀ ,ਭਾਈ ਹਰਚਰਨਜੀਤ ਸਿੰਘ ਧਾਮੀ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਬੀਬੀ ਗੁਰਵਿੰਦਰ ਕੌਰ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਵੱਖ ਵੱਖ ਬੁਲਾਰਿਆਂ ਭਾਰਤ ਵਿੱਚ ਸਿੱਖਾਂ ਤੇ ਸਰਕਾਰੀ ਧਿਰ ਵਲੋਂ ਕੀਤੇ ਜਾ ਰਹੇ ਜ਼ੁਲਮਾਂ ਦੀ ਦਾਸਤਾਨ ਸਾਂਝੀ ਕੀਤੀ ਗਈ ਅਤੇ ਭਾਈ ਅਵਤਾਰ ਸਿੰਘ ਖੰਡਾ ਦੇ ਕਤਲ ਵਿੱਚ ਭਾਰਤ ਸਰਕਾਰ ਦੀ ਭੂਮਿਕਾ ਨੂੰ ਉਜਾਗਰ ਕੀਤਾ ਗਿਆ। ਸਮਾਗਮ ਵਿੱਚ ਭਾਈ ਅਵਤਾਰ ਸਿੰਘ ਖੰਡਾ ਸਮੇਤ ਪਿਛਲੇ ਸਾਲ ਵਿਛੋੜਾ ਦਾ ਗਏ ਭਾਈ ਪਰਮਜੀਤ ਸਿੰਘ ਪੰਜਵੜ ਮੁਖੀ ਖਾਲਿਸਤਾਨ ਕਮਾਂਡੋ ਫੋਰਸ, ਭਾਈ ਲਖਬੀਰ ਸਿੰਘ ਰੋਡੇ ਮੁਖੀ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ, ਭਾਈ ਹਰਦੀਪ ਸਿੰਘ ਨਿੱਝਰ ਕੈਨੇਡਾ ਨੂੰ ਯਾਦ ਕੀਤਾ ਗਿਆ ।ਪੰਜਾਬ ਤੋਂ ਬਾਬਾ ਬਲਦੇਵ ਸਿੰਘ ਜੋਗੇਵਾਲ,ਭਾਈ ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਹੋਰਨਾਂ ਪੰਥਕ ਸ਼ਖਸੀਅਤਾਂ ਨੇ ਸੰਦੇਸ਼ ਭੇਜੇ। ••

ਆਵਾਜ਼ਿ ਕੌਮ AWAZE QAUM International Newspaper & WEB TV


ਭਾਈ ਅਵਤਾਰ ਸਿੰਘ ਜੀ ਖੰਡਾ ਦੀ ਪਹਿਲੀ ਸਾਲਾਨਾ ਯਾਦ ਨੂੰ ਸਮਰਪਿਤ

# ਗੁਰਦਵਾਰਾ ਬਾਬਾ ਸੰਗ ਜੀ ਸਮੈਦਿਕ ਵਿਖੇ ਵਿਸ਼ਾਲ ਸਮਾਗਮ ਕਰਵਾਇਆ ਗਿਆ

















# ਤਖਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ

ਇਸ ਪਾਵਨ ਪਵਿੱਤਰ ਅਸਥਾਨ ਤੇ ਸਾਹਿਬ-ਏ-ਕਮਾਲ, ਅੰਮ੍ਰਿਤ ਦੇ ਦਾਤੇ, ਸਰਬੰਸਦਾਨੀ, ਦੋ ਜਹਾਨ ਦੇ ਵਾਲੀ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਜਨਮ ਪੋਹ ਸੁਦੀ ਸੱਤਵੀਂ, ਸੰਮਤ 1723 ਬਿਕਰਮੀ, 22 ਦਸੰਬਰ ਸੰਨ 1666 ਈ: ਨੂੰ ਹੋਇਆ । ਪਟਨਾ ਸ਼ਹਿਰ ਨੂੰ ਪਹਿਲਾਂ ਕਈ ਨਾਵਾਂ ਨਾਲ ਯਾਦ ਕੀਤਾ ਜਾਂਦਾ ਸੀ ਜਿਵੇਂ ਪਾਲਪੋਖਰਾ, ਪਸ਼ਮਪੁਰ, ਕੁਸ਼ਾਮਾਵਤੀ ਪਾਟਲੀਪੁੱਤਰ । ਇਸ ਦਾ ਜ਼ਿਆਦਾਤਰ ਹਰਮਨ-ਪਿਆਰਾ ਤੇ ਪ੍ਰਸਿੱਧ ਨਾਮ ਪਾਟਲੀਪੁੱਤਰ ਰਿਹਾ । ਪਟਨਾ ਸਾਹਿਬ ਸਿੱਖਾਂ ਦੇ ਪੰਜ ਤਖਤਾਂ ਵਿੱਚੋਂ ਦੂਜਾ ਮਹਾਨ ਤਖਤ ਹੈ । ਪਟਨਾ ਸ਼ਹਿਰ ਬਿਹਾਰ ਰਾਜ ਦੀ ਰਾਜਧਾਨੀ ਹੋਣ ਕਰਕੇ ਹੀ ਮਹਾਨ ਨਹੀਂ ਸਗੋਂ ਇਸ ਦੀ ਮਹਾਨਤਾ ਇਸ ਦਾ ਪੁਰਾਤਨ ਤੇ ਇਤਿਹਾਸਕ ਪਿਛੋਕੜ ਹੋਣ ਕਰਕੇ ਵੀ ਹੈ । ਧਾਰਮਿਕ ਪੱਖ ਤੋਂ ਇਸ ਦੀ ਮਹਾਨਤਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਕੱਤਕ ਸੁਦੀ ਪੂਰਨਮਾਸ਼ੀ (ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਜੀ ਅਨੁਸਾਰ) ਸੰਮਤ ਬਿਕਰਮੀ 1563, ਸੰਨ 1506 ਈ: ਨੂੰ ਪਹਿਲੀ ਉਦਾਸੀ ਸਮੇਂ ਸਾਲਸ ਰਾਏ ਜੌਹਰੀ ਨੂੰ ਮੰਜੀ ਦੇਣ ਅਤੇ ਸਿੱਖੀ ਪ੍ਰਚਾਰ ਦਾ ਕੇਂਦਰ ਸਥਾਪਿਤ ਕਰਨ ਤੋਂ ਹੋਈ । ਗੁਰੂ ਨਾਨਕ ਦੇਵ ਜੀ ਨੇ ਇੱਥੇ ਤਿੰਨ ਮਹੀਨੇ ਰਹਿ ਕੇ ਸਿੱਖ ਧਰਮ ਦਾ ਪ੍ਰਚਾਰ ਕੀਤਾ । ਨੌਂਵੇਂ ਸਤਿਗੁਰੂ ਗੁਰੂ ਤੇਗ. ਬਹਾਦਰ ਜੀ ਨੇ ਆਪਣੇ ਹੁਕਮਨਾਮਿਆਂ ਅੰਦਰ ਪਟਨਾ ਸਾਹਿਬ ਨੂੰ 'ਪਟਨਾ ਗੁਰੂ ਕਾ ਘਰ' ਦਾ ਮਾਣ ਦਿੱਤਾ । ਗੁਰੂ ਤੇਗ. ਬਹਾਦਰ ਜੀ, ਗੁਰੂ ਨਾਨਕ ਦੇਵ ਜੀ ਤੋਂ ਬਾਅਦ ਪਹਿਲੇ ਗੁਰੂ ਸਨ ਜਿਨ੍ਹਾਂ ਨੇ ਪੰਜਾਬ ਤੋਂ ਬਾਹਰ ਸਿੱਖੀ ਸਿਧਾਂਤ ਦਾ ਪ੍ਰਚਾਰ ਕੀਤਾ ਅਤੇ ਪਟਨੇ ਦੀ ਧਰਤੀ ਨੂੰ ਪਵਿੱਤਰ ਕੀਤਾ । ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਖ਼ਾਲਸਾ ਸਾਜਣ ਸਮੇਂ ਵੀ ਤਖਤ ਸ਼੍ਰੀ ਪਟਨਾ ਸਾਹਿਬ ਨੂੰ 'ਖਾਲਸੇ ਕਾ ਜਨਮ ਪਟਨਾ ਦਾ' ਮਾਣ ਬਖ਼ਿਸ਼ਆ । ਗਿਆਨੀ ਸੋਹਣ ਸਿੰਘ ਸੀਤਲ ਸਿੱਖ ਇਤਿਹਾਸ ਦੇ ਸੋਮੇ ਭਾਗ ਤੀਜਾ ਪੰਨਾ 82, ਪ੍ਰਿੰਸੀਪਲ ਸਤਿਬੀਰ ਸਿੰਘ ਜੀ ਬਲਿਓ ਚਿਰਾਗ ਪੁਸਤਕ ਦੇ ਪੰਨਾ 85 ਤੇ ਲਿਖਦੇ ਹਨ ਕਿ 'ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਟਨਾ ਵਿਖੇ ਲੰਗਰ ਦੀ ਬੁਨਿਆਦ ਰੱਖੀ। ਪੰਗਤਾਂ ਵਿੱਚ ਆਪ ਬੈਠ ਕੇ ਲੰਗਰ ਛਕਦੇ ਰਹੇ।' ਸਾਡਾ ਇਤਿਹਾਸ ਪੰਨਾ 97 'ਪੰਗਤਿ ਦੀ ਨੀਂਹ ਪਟਨਾ ਸਾਹਿਬ ਹੀ ਰਖੀ ।' ਸਿੱਖੀ ਪ੍ਰਚਾਰ ਦਾ ਪਹਿਲਾ ਵੱਡਾ ਕੇਂਦਰ ਹੋਣ ਕਰਕੇ ਅਤੇ ਖ਼ਾਲਸਾ ਪੰਥ ਦੇ ਸਿਰਜਣਹਾਰ ਦਸਮ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਾਵਨ ਪ੍ਰਕਾਸ਼ (ਜਨਮ) ਅਸਥਾਨ ਹੋਣ ਕਰਕੇ ਹਰ ਇੱਕ ਗੁਰਸਿੱਖ ਨੂੰ ਆਪਣੇ ਜੀਵਨ/ ਜ਼ਿੰਦਗੀ ਵਿੱਚ ਇੱਕ ਵਾਰ ਤਾਂ ਜ਼ਰੂਰ ਤਖ਼ਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਦਰਸ਼ਨ ਕਰਨੇ ਚਾਹੀਦੇ ਹਨ। ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਭਾਈ ਰਤਨ ਸਿੰਘ ਜੀ ਭੰਗੂ ਨੇ ਲਿਖਿਆ ਹੈ ।÷ਆਗੈ ਚੜ੍ਹਾਵੋ ਪਟਨੇ ਜਾਵੈ, ਮਾਤਾ ਕਹਿਣੈ ਤੇ ਈਹਾਂ ਆਵੈ।।" (ਪੰਨਾ 295) ਅਨੁਸਾਰ ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸਾਰੀ ਗੁਰੂ ਦੀ ਭੇਟਾ ਦਸਵੰਧ ਦੀ ਮਾਇਆ ਤਖਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਹੀ ਆਉਂਦੀ ਸੀ ਪਰ ਜਦੋਂ ਮਾਤਾ ਸੁੰਦਰ ਕੌਰ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਸ਼੍ਰੀ ਅੰਮ੍ਰਿਤਸਰ ਸਾਹਿਬ ਦਾ ਸਾਰਾ ਪ੍ਰਬੰਧ ਸੌਂਪਿਆ ਤਾਂ ਮਾਤਾ ਜੀ ਨੇ ਸੰਗਤਾਂ ਨੂੰ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਪ੍ਰਬੰਧ ਚਲਾਉਣ ਵਾਸਤੇ ਉਥੇ ਵੀ ਦਸਵੰਧ ਦੀ ਮਾਇਆ ਭੇਜਣ ਲਈ ਕਿਹਾ । ਮਾਤਾ ਜੀ ਦੇ ਬਚਨ ਅਨੁਸਾਰ ਗੁਰੂ ਦੀ ਭੇਟਾ ਅੰਮ੍ਰਿਤਸਰ ਵੀ ਭਾਈ ਮਨੀ ਸਿੰਘ ਜੀ ਕੋਲ ਜਾਣ ਲੱਗੀ ।ਇਸ ਗੱਲ ਤੋਂ ਵੀ ਤਖ਼ਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਮਹਾਨਤਾ ਪ੍ਰਗਟ ਹੈ । ਗੁਰਦੁਆਰਾ ਕੋਸ਼ ਅਨਸਾਰ ਪਹਿਲਾਂ ਇੱਥੇ ਗੁਰਦੁਆਰਾ 1665 ਈ: ਵਿੱਚ ਰਾਜਾ ਫਤਿਹ ਚੰਦ ਮੈਣੀ ਨੇ ਬਣਾਇਆ । ਮਹਾਨ ਕੋਸ਼ ਅਤੇ ਗੁਰਦੁਆਰਾ ਕੋਸ਼ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ 1839 ਵਿੱਚ ਇਮਾਰਤ ਬਣਵਾਈ ।1934 ਈ: ਵਿੱਚ ਪਟਨਾ ਵਿੱਚ ਭੁਚਾਲ ਕਾਰਨ ਤਖ਼ਤ ਸ਼੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਭਾਰੀ ਨੁਕਸਾਨ ਪਹੁੰਚਿਆ । 10 ਨਵੰਬਰ 1948 ਈ: ਨੂੰ ਕੱਤਕ ਦੀ ਪੂਰਨਮਾਸ਼ੀ ਦਿਹਾੜੇ ਵਰਤਮਾਨ ਪੰਜ ਮੰਜ਼ਿਲਾਂ ਖ਼ੂਬਸੂਰਤ ਇਮਾਰਤ ਦੀ ਨੀਂਹ ਰੱਖੀ । ਸੇਵਾ ਦੇ ਮਹਾਨ ਕੁੰਭ ਵਿੱਚ ਸ਼੍ਰੀਮਾਨ ਸੰਤ ਨਿਸ਼ਚਲ ਸਿੰਘ ਜੀ 'ਸੇਵਾਪੰਥੀ' ਯਮੁਨਾ ਨਗਰ (ਹਰਿਆਣਾ), ਸੰਤ ਕਰਤਾਰ ਸਿੰਘ ਜੀ ਨੇ ਹਰ ਪੱਖ ਤੋਂ ਸੇਵਾ ਕੀਤੀ । 26 ਦਸੰਬਰ 1957 ਈ: ਨੂੰ ਗੁਰਦੁਆਰੇ ਦੀ ਨਵੀਂ ਇਮਾਰਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਵੀਂ ਬਣੀ ਸੋਨੇ ਦੀ ਪਾਲਕੀ ਵਿੱਚ ਬੜੀ ਧੂਮਧਾਮ ਨਾਲ ਕੀਤਾ ਗਿਆ। ਇਸ ਪੰਜ ਮੰਜ਼ਿਲਾਂ ਇਮਾਰਤ ਦੇ ਹੇਠਾਂ ਭੋਰਾ ਹੈ। ਗਰਾਊਂਡ ਫਲੋਰ ਤੇ ਪ੍ਰਕਾਸ਼ ਅਸਥਾਨ ਤਿੰਨ ਬਣੇ ਹਨ ਜਿਨ੍ਹਾਂ ਵਿੱਚ ਦੋਵਾਂ 'ਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਅਤੇ ਤੀਜੇ ਤੇ 'ਸ੍ਰੀ ਦਸਮ ਗ੍ਰੰਥ ਸਾਹਿਬ' ਦਾ ਪ੍ਰਕਾਸ਼ ਕੀਤਾ ਜਾਂਦਾ ਹੈ । ਤਖ਼ਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਮਰਯਾਦਾ ਬਾਕੀ ਸਾਰੇ ਤਖ਼ਤਾਂ ਨਾਲ ਵੱਖਰੀ ਹੈ । ਸ਼ਾਮ ਨੂੰ ਸੋਦਰ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਜੋਤ ਜਗਾ ਕੇ ਆਰਤੀ ਦਾ ਉਚਾਰਨ ਕੀਤਾ ਜਾਂਦਾ ਹੈ । ਫੁੱਲਾਂ ਦੀ ਵਰਖਾ ਕੀਤੀ ਜਾਂਦੀ ਹੈ । ਤਖਤ ਸ਼੍ਰੀ ਹਰਿਮੰਦਰ ਜੀ ਵਿਖੇ ਦਸਮ ਪਾਤਸ਼ਾਹ ਦਾ ਪੰਘੂੜਾ ਸਾਹਿਬ, ਚਾਰ ਤੀਰ, ਇੱਕ ਛੋਟੀ ਕਿਰਪਾਨ (ਸੈਫ), ਇੱਕ ਛੋਟਾ ਖੰਡਾ, ਕਟਾਰ, ਚੰਦਨ ਦਾ ਕੰਘਾ, ਬਾਲਾ ਪ੍ਰੀਤਮ ਦੀਆਂ ਹਾਥੀ ਦੰਦ ਦੀਆਂ ਖੜਾਵਾਂ, ਮਿੱਟੀ ਦਾ ਗੁਲੇਲਾ, ਛੋਟੀ ਚੱਕਰੀ (ਜੋ ਸਤਿਗੁਰੂ ਕੇਸਾਂ ਵਿੱਚ ਸਜਾਇਆ ਕਰਦੇ ਸਨ), ਲੋਹੇ ਦੇ ਚੱਕਰ (ਦਸਤਾਰ ਤੇ ਸਜਾਉਣ ਵਾਲੇ), ਕਲਗੀਧਰ ਬਾਲ ਅਵਸਥਾ ਵਿੱਚ ਜੋ ਗੁਰਮੁਖੀ ਅੱਖਰ ਪੈਂਤੀ ਦੇ ਲਿਖਦੇ ਰਹੇ, ਉਹ ਵੀ ਕਾਗ਼ਜ਼ਾਂ ਉੱਤੇ ਚਿੰਨ੍ਹਤ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ (ਜਿਸ ਉੱਤੇ ਸਤਿਗੁਰੂ ਜੀ ਦੇ ਦਸਤਖ਼ਤ ਹਨ), ਭਗਤ ਕਬੀਰ ਜੀ ਦੀ ਖੱਡੀ ਦੇ ਬੁਣਨ ਵਾਲੇ ਸੰਦ, ਗੁਰੂ ਤੇਗ. ਬਹਾਦਰ ਜੀ ਦੀਆਂ ਚੰਦਨ ਦੀਆਂ ਖੜਾਵਾਂ, ਇੱਕ ਪੁਰਾਣਾ ਚੋਲਾ, ਸ਼੍ਰੀ ਗੁਰੂ ਤੇਗ. ਬਹਾਦਰ ਜੀ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਾਤਾ ਸੁੰਦਰ ਕੌਰ ਜੀ ਦੇ 30 ਹੁਕਮਨਾਮਿਆਂ ਦੇ ਦਰਸ਼ਨ ਸਵੇਰੇ-ਸ਼ਾਮ ਸੰਗਤਾਂ ਨੂੰ ਕਰਵਾਏ ਜਾਂਦੇ ਹਨ। ਦੂਜੀ ਮੰਜ਼ਿਲ 'ਤੇ ਸ਼੍ਰੀ ਅਖੰਡ-ਪਾਠਾਂ ਦਾ ਪ੍ਰਵਾਹ ਚੱਲਦਾ ਹੈ। ਤੀਜੀ ਮੰਜ਼ਿਲ 'ਤੇ ਸੱਚ-ਖੰਡ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸੁਖਾਸਣ ਦੇ ਪਲੰਘ ਹਨ । ਚੌਥੀ ਮੰਜ਼ਿਲ ਤੇ ਅੰਮ੍ਰਿਤਪਾਨ (ਅੰਮ੍ਰਿਤ-ਸੰਚਾਰ) ਹੁੰਦਾ ਹੈ । ਪੰਜਵੀਂ ਮੰਜ਼ਿਲ 'ਤੇ ਪੁਰਾਤਨ ਹੱਥ ਲਿਖਤ, ਪੱਥਰ ਦੇ ਛਾਪੇ ਦੀਆਂ ਬਿਰਧ ਬੀੜਾਂ ਦੀ ਸੰਭਾਲ ਹੈ । ਗੁਰਦੁਆਰਾ ਸਾਹਿਬ ਨਾਲ 200 ਤੋਂ ਵੱਧ ਏਕੜ ਜ਼ਮੀਨ ਅਤੇ ਮਹਾਨ ਕੋਸ਼ ਅਨੁਸਾਰ ਰਿਆਸਤ ਨਾਭਾ, ਰਿਆਸਤ ਜੀਂਦ, ਰਿਆਸਤ ਪਟਿਆਲਾ, ਰਿਆਸਤ ਫ਼ਰੀਦਕੋਟ ਤੇ ਹੋਰਾਂ ਵੱਲੋਂ ਕਾਫੀ ਸਲਾਨਾ ਜਗੀਰਾਂ ਹਨ। ਤਖਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਪੋਹ ਸੁਦੀ ਸੱਤਵੀਂ, ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਕੱਤਕ ਦੀ ਪੂਰਨਮਾਸ਼ੀ, ਖਾਲਸੇ ਦਾ ਸਾਜਣਾ ਦਿਵਸ ਵਿਸਾਖੀ, ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ, ਦੀਵਾਲੀ (ਬੰਦੀ ਛੋੜ ਦਿਵਸ), ਜੋਤੀ-ਜੋਤਿ ਗੁਰਪੁਰਬ ਸ਼੍ਰੀ ਗੁਰੂ ਨਾਨਕ ਦੇਵ ਜੀ, ਸ਼੍ਰੀ ਗੁਰੂ ਤੇਗ. ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਸੰਗਤਾਂ ਦੇ ਸਹਿਯੋਗ ਨਾਲ ਬੜੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ ਜਾਂਦੇ ਹਨ। ਪਟਨਾ ਸਾਹਿਬ ਦਾ ਵੱਡਾ ਸਟੇਸ਼ਨ ਪਟਨਾ ਜੰਕਸ਼ਨ ਹੈ । ਇਸ ਥਾਂ ਤੋਂ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਅਸਥਾਨ ਲਗਭਗ ਦਸ ਕੁ ਕਿਲੋਮੀਟਰ ਦੂਰ ਹੈ । ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਆਈਆਂ ਸੰਗਤਾਂ ਨੂੰ 'ਪਟਨਾ ਸਾਹਿਬ' ਰੇਲਵੇ ਸਟੇਸ਼ਨ ਤੇ ਉਤਰਨਾ ਚਾਹੀਦਾ ਹੈ । ਇੱਥੋਂ ਗੁਰਦੁਆਰਾ ਸਾਹਿਬ ਇੱਕ ਕਿਲੋਮੀਟਰ ਦੂਰ ਹੈ । ਰਿਕਸ਼ਾ, ਆਟੋ (ਥਰੀਵੀਲ੍ਹਰ) ਆਮ ਮਿਲ ਜਾਂਦੇ ਹਨ। ਤਖਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਦੋ ਨਿਸ਼ਾਨ ਸਾਹਿਬ (115 ਫੁੱਟ ਅਤੇ 126 ਫੁੱਟ) ਝੂਲਦੇ ਦਿਲਾਂ ਨੂੰ ਧੂਹ (ਖਿੱਚ) ਪਾਉਂਦੇ ਹਨ । ਸੰਗਤਾਂ ਦੀ ਰਿਹਾਇਸ਼ ਲਈ ਇੱਕ ਸੌ (100) ਕਮਰੇ ਸਾਫ਼, ਖੁੱਲ੍ਹੇ ਅਤੇ ਹਵਾਦਾਰ ਬਣੇ ਹਨ । ਇੱਥੇ ਬਿਨਾਂ ਭੇਦ-ਭਾਵ ਦੇ ਹਰ ਜਾਤ- ਮਜ਼੍ਹਬ ਦੇ ਲੋਕ ਆ ਕੇ ਨਤਮਸਤਕ ਹੁੰਦੇ ਹਨ ਅਤੇ ਵਿਸ਼ਰਾਮ ਕਰਦੇ ਹਨ । ਗੁਰੂ ਕਾ ਲੰਗਰ ਅਤੁੱਟ ਵਰਤਦਾ ਹੈ।

**-ਕਰਨੈਲ ਸਿੰਘ ਐੱਮ.ਏ. , #1138/63-ਏ, ਗੁਰੂ ਤੇਗ. ਬਹਾਦਰ ਨਗਰ, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ।**

ਆਵਾਜ਼ਿ ਕੌਮ AWAZE QAUM International Newspaper & WEB TV

## ਕੈਨੇਡਾ ਵਿਚ ਸ਼ਹੀਦ ਭਾਈ ਦਿਲਾਵਰ ਸਿੰਘ ਨੂੰ ਸਮਰਪਿਤ

# ਮਾਰਚ ਅਤੇ ਭੇਂਟ ਕੀਤੀ ਗਈ ਸ਼ਰਧਾਂਜਲੀ



**ਨਵੀਂ ਦਿੱਲੀ 1 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):-** ਕੈਨੇਡਾ ਵਿੱਚ ਸਿੱਖ ਜਥੇਬੰਦੀਆਂ ਦੇ ਵੱਖ ਵੱਖ ਸਮੂਹਾਂ ਨੇ ਮਾਰਚ ਕੱਢ ਕੇ 1995 ਵਿੱਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਲਈ ਜ਼ਿੰਮੇਵਾਰ ਆਤਮਘਾਤੀ ਹਮਲਾਵਰ ਦਿਲਾਵਰ ਸਿੰਘ ਨੂੰ "ਸ਼ਰਧਾਜਲੀ" ਭੇਟ ਕੀਤੀ। ਪੰਥਕ ਸੇਵਾਦਾਰ ਭਾਈ ਨਰਿੰਦਰ ਸਿੰਘ ਖਾਲਸਾ ਵਲੋਂ ਭੇਜੀ ਗਈ ਰਿਪੋਰਟ ਮੁਤਾਬਿਕ ਵੱਖ ਵੱਖ ਗੱਡੀਆਂ ਦਾ ਲੰਮਾ ਕਾਫਲਾ ਅਤੇ ਵੱਡੇ ਵੱਡੇ ਬੈਨਰ ਅਤੇ ਦ੍ਰਿਸ਼ ਦਿਖਾਉਂਦੀ ਟਰੱਕ, ਜੋ ਵੈਨਕੂਵਰ ਵਿੱਚ ਭਾਰਤੀ ਕੌਂਸਲੇਟ ਵੱਲ ਲਿਜਾਏ ਗਏ ਸਨ, ਵਿੱਚ ਮਾਰੇ ਗਏ ਮੁੱਖ ਮੰਤਰੀ ਦੀਆਂ ਤਸਵੀਰਾਂ ਦੇ ਨਾਲ, ਖ਼ੂਨ ਨਾਲ ਲਿਬੜੇ ਹੋਏ ਬੰਬ ਨਾਲ ਭਰੀ ਕਾਰ ਵਿੱਚ ਹੋਏ ਕਤਲ ਨੂੰ ਦਰਸਾਇਆ ਗਿਆ ਸੀ। ਆਤਮਘਾਤੀ ਹਮਲਾਵਰ ਦਿਲਾਵਰ ਸਿੰਘ ਬੱਬਰ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਮਾਰਚ 'ਬੇਅੰਤਾ ਨੂੰ ਬੰਬ ਨਾਲ ਮਾਰਿਆ ਗਿਆ' ਲਿਖਿਆ ਹੋਇਆ ਸੀ। ਜਿਕਰਯੋਗ ਹੈ ਕਿ 29 ਸਾਲ ਪਹਿਲਾਂ 31 ਅਗਸਤ 1995 ਨੂੰ ਚੰਡੀਗੜ੍ਹ ਦੀ ਸੈਕਟਰੀਏਟ ਵਿਖੇ ਮਨੁੱਖਤਾ ਦੇ ਕਾਤਲ ਤੇ ਆਤਮਘਾਤੀ ਹੋਇਆ ਸੀ। ਇਸੇ ਦੌਰਾਨ, ਟੋਰਾਂਟੋ ਵਿੱਚ ਵੀ ਇੰਦਰਜੀਤ ਸਿੰਘ ਗੋਸਲ ਦੀ ਅਗਵਾਈ ਵਿੱਚ ਇਸੇ ਤਰ੍ਹਾਂ ਦੀ ਰੈਲੀ ਕੀਤੀ ਗਈ ਜਿਸ ਨੇ ਰੈਫਰੈਂਡਮ ਲਈ ਪ੍ਰਚਾਰਕਾਂ ਨੂੰ ਦਿਲਾਵਰ ਸਿੰਘ ਦੀ "ਔਲਾਦ" ਦੱਸਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਮਹਿਤਾ ਪੁਲਿਸ ਨੇ ਮੋਟਰਸਾਈਕਲ ਤੇ ਗੱਡੀਆਂ ਦੇ ਕੱਟੇ ਚਲਾਨ



**ਚੌਂਕ ਮਹਿਤਾ, 1 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਐਸ ਐਸ ਪੀ ਹਰਪ੍ਰੀਤ ਸਿੰਘ ਦੀਆਂ ਹਦਾਇਤਾਂ ਅਨੁਸਾਰ ਡੀ ਐਸ਼ ਪੀ ਰਵਿੰਦਰ ਸਿੰਘ ਜੰਡਿਆਲਾ ਗੁਰੂ ਦੀ ਰਹਿਨੁਮਾਈ ਹੇਠ ਥਾਣਾ ਮਹਿਤਾ ਦੇ ਐਸ ਐਚ ਓ ਅਜੈਪਾਲ ਸਿੰਘ ਬਾਠ ਦੀ ਅਗਵਾਈ ਹੇਠ ਪੁਲਿਸ ਨੇ ਕ.ਸਬੇ ਵਿੱਚ ਨਾਕਾ ਲਗਾਕੇ ਬਿਨਾਂ ਕਾਗਜ਼ ਤੋਂ ਮੋਟਰਸਾਈਕਲ ਬੰਦ ਕੀਤੇ ਤੇ ਮੂੰਹ ਬੰਨ੍ਹ ਕੇ ਮੋਟਰਸਾਈਕਲ ਚਲਾਉਣ ਵਾਲਿਆਂ ਨੂੰ ਵਾਰਨਿੰਗ ਦੇ ਕੇ ਛੱਡਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਏ ਐਸ ਆਈ ਗੁਰਦੇਵ ਸਿੰਘ ਨੇ ਕਿਹਾ ਕਿ ਬੁਲਟ ਦੇ ਪਟਾਕੇ ਮਰਵਾਉਣ ਵਾਲੇ ਬਾਜ ਆ ਜਾਣ ਨਹੀਂ ਤਾਂ ਮੋਟਰਸਾਈਕਲ ਬੰਦ ਕੇ ਉਸਨੂੰ ਚਲਾਉਣ ਵਾਲੇ ਤੇ ਵੀ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਏ ਐਸ ਆਈ ਬਲਕਾਰ ਸਿੰਘ,ਏ ਐਸ ਆਈ ਪਲਵਿੰਦਰ ਸਿੰਘ, ਬੂਟਾ ਨਾਥ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਧੋਖਾਧੜੀ ਦੇ ਵੱਖ ਵੱਖ ਮਾਮਲੇ ਵਿੱਚ ਦੋ ਪੁਰਸ਼ ਤੇ ਇੱਕ ਮਹਿਲਾ ਤੇ ਪਰਚਾ ਦਰਜ

**ਚੌਂਕ ਮਹਿਤਾ, 1 ਸਤੰਬਰ(ਬਾਬਾ ਸੁਖਵੰਤ ਸਿੰਘ ਚੰਨਣਕੇ)**-ਪਿੰਡ ਬੁੱਟਰ ਸਿਵੀਆ ਦੇ ਜਗਦੇਵ ਸਿੰਘ ਉਰਫ ਮੰਗੂ ਪੁੱਤਰ ਜੋਧ ਸਿੰਘ ਬੁੱਟਰ ਵਾਸੀ ਬੁੱਟਰ ਸਿਵੀਆ ਨੂੰ ਵੱਖ ਵੱਖ ਧੋਖਾਧੜੀਆ ਅਤੇ ਠੱਗੀਆਂ ਮਾਰਨ ਵਿੱਚ ਮਹਿਤਾ ਚੌਂਕ ਦੀ ਪੁਲਸ ਵੱਲੋ ਕਾਬੂ ਕਰ ਲਿਆ ਗਿਆ ਹੈ। ਥਾਣਾ ਮੁੱਖੀ ਅਜੈਪਾਲ ਸਿੰਘ ਅਨੁਸਾਰ ਮੰਗੂ ਬੁੱਟਰ ਅਤੇ ਉਸਦੀ ਮਾਂ ਗੁਰਮੀਤ ਕੌਰ ਵਿਧਵਾ ਜੋਧ ਸਿੰਘ ਨੇ ਗੁਰਪ੍ਰੀਤ ਸਿੰਘ ਪੁੱਤਰ ਬਾਵਾ ਸਿੰਘ ਵਾਸੀ ਕੋਹਾਟਵਿੰਡ ਨੂੰ ਜਮੀਨ ਵੇਚਣ ਦਾ ਲਾਰਾ ਲਾ ਕੇ ਬਿਆਨੇ ਦੀ ਰਕਮ ਕਰੀਬ 30 ਲੱਖ ਲੈ ਕੇ ਮੁਕਰਨ ਦੇ ਮਾਮਲੇ ਵਿੱਚ ਦਰਜ਼ ਮੁਕੱਦਮਾਂ ਨੰਬਰ 77/18 ਆਈ.ਪੀ.ਸੀ 420 ਅਤੇ 120-ਬੀ ਵਿੱਚ ਲੰਬੇ ਸਮੇਂ ਤੋ ਭਗੌੜਾ ਸੀ ਇਸ ਤੋ ਇਲਾਵਾ ਇੱਕ ਹੋਰ ਮਾਮਲਾ ਜਿਸ ਵਿੱਚ ਪਿੰਡ ਬੁੱਟਰ ਸਿਵੀਆ ਦੀ ਕੋਆਪ੍ਰੇਟਿਵ ਸੋਸਾਇਟੀ ਦੇ ਸੰਦਾਂ ਤੇ ਵੀ ਮੰਗੂ ਬੁੱਟਰ ਵੱਲੋ ਕਬਜ਼ਾ ਕਰਨ ਸੰਬਧੀ ਮੁਕੱਦਮਾਂ ਨੰਬਰ 70/24 316(2),318(4)ਅਤੇ 61(2) ਧਰਾਵਾਂ ਅਧੀਨ ਦਰਜ਼ ਕੀਤਾ ਗਿਆ ਹੈ ਸੈਕਟਰੀ ਗੁਰਪ੍ਰੀਤ ਸਿੰਘ ਦੀ ਮਿਲੀਭੁਗਤ ਨਾਲ ਫਰਨੀਚਰ ਲਈ ਤੀਹ ਹਜ਼ਾਰ ਦਾ ਵੀ ਗਬਨ ਕਰਨ ਦੇ ਵੀ ਕਥਿਤ ਦੋਸ਼ ਲੱਗੇ ਹਨ ਇਸ ਸਬੰਧੀ ਮੁਕੱਦਮਾ ਦਰਜ ਕਰਕੇ ਮਾਣਯੋਗ ਅਦਾਲਤ ਵੱਲੋਂ ਦਿੱਤੇ ਰਿਮਾਂਡ ਉਪ੍ਰੰਤ ਦੋਸ਼ੀ ਦੇ ਦੱਸੇ ਠਿਕਾਣੇ ਤੋਂ ਖੇਤੀ ਸੰਦ ਜਿਸ ਵਿੱਚ ਮਲਚਰ,ਪਲਟਾਵਾਂ ਹੱਲ ਅਤੇ ਸੁਹਾਗਾ ਆਦਿ ਸਨ ਵੀ ਬਰਾਮਦ ਕਰ ਲਏ ਗਏ ਹਨ ਅਤੇ ਸੈਕਟਰੀ ਗੁਰਪ੍ਰੀਤ ਸਿੰਘ ਅਤੇ ਗੁਰਮੀਤ ਕੌਰ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਡਵੀਜ਼ਨਲ ਕਮਿਸ਼ਨਰ ਸਬਰਵਾਲ ਮੰਦਰ ਗੁਰੂ ਗਿਆਨ ਨਾਥ ਵਿਖੇ ਹੋਏ ਨਤਮਸਤਕ



**ਚੌਂਕ ਮਹਿਤਾ, 1 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸੀਤਾ ਮਾਤਾ ਲਵ ਕੁਸ਼ ਜਨਮ ਭੂਮੀ ਭਗਵਾਨ ਵਾਲਮੀਕ ਤੀਰਥ ਸਥਲ ਸ੍ਰੀ ਰਾਮ ਤੀਰਥ ਦੇਸ਼ ਦਾ ਅਠਵਾਂ ਅਜੂਬਾ ਵਜੋਂ ਜਾਣਿਆ ਜਾਂਦਾ ਹੈ ਇਹ ਵਿਚਾਰ ਨਵ ਨਿਯੁਕਤ ਡਿਵੀਜ਼ਨਲ ਕਮਿਸ਼ਨਰ ਪ੍ਰਦੀਪ ਸਬਰਵਾਲ ਮੰਦਰ ਗੁਰੂ ਗਿਆਨ ਨਾਥ ਵਿਖੇ ਨਤਮਸਤਕ ਹੋਣ ਉਪਰੰਤ ਮੰਦਰ ਗੁਰੂ ਗਿਆਨ ਨਾਥ ਮੁੱਖ ਸੇਵਾਦਾਰ ਸੰਤ ਗਿਰਧਾਰੀ ਨਾਥ ਵੱਲੋਂ ਸਨਮਾਨਿਤ ਕਰਨ ਉਪਰੰਤ ਪ੍ਰੈਸ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ ਉਹਨਾਂ ਕਿਹਾ ਕਿ ਜਿੱਥੇ ਭਗਵਾਨ ਵਾਲਮੀਕ ਤੀਰਥ ਸਥਲ ਕੰਪਲੈਕਸ ਦੇ ਪ੍ਰਬੰਧਾਂ ਵਿੱਚ ਕਾਫੀ ਸੁਧਾਰ ਦੇਖਣ ਨੂੰ ਮਿਲ ਰਿਹਾ ਹੈ ਉਹ ਇਸ ਗੱਲ ਦੀ ਪ੍ਰਸ਼ੰਸਾ ਕਰਦੇ ਹਨ ਪ੍ਰਗਟ ਦਿਵਸ ਦੀਆਂ ਤਿਆਰੀਆਂ ਨੂੰ ਲੈ ਕੇ ਜਨਰਲ ਮੈਨੇਜਰ ਸਰਾਇਨ ਬੋਰਡ ਕੁਛ ਰਾਜ ਵੱਲੋਂ ਮੁਸ਼ਕਲਾਂ ਧਿਆਨ ਵਿੱਚ ਲਿਆਂਦੀਆਂ ਗਈਆਂ ਹਨ ਉਹਨਾਂ ਨੂੰ ਜਲਦ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਕੋਲ ਪਹਿਚਾਣ ਦੀ ਕਿਰਪਾਲਤਾ ਕਰਨਗੇ ਇਸ ਮੌਕੇ ਵਿਨੋਦ ਬਿੱਟਾ ਸੁਰਿੰਦਰ ਟੋਨਾ ਪਵਨ ਦਰਾਵੜ ਸ਼ਕਤੀ ਕਲਿਆਣ ਰਾਕੇਸ਼ ਬੋਬੀ ਸਮੇਤ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ

# ਗੁਰਮਤਿ ਸਮਾਗਮ ਆਯੋਜਿਤ






**ਚੌਕ ਮਹਿਤਾ, 1 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )** -ਬਾਬਾ ਦੀਪ ਸਿੰਘ ਚੈਰੀਟੇਬਲ ਦੇ ਟਰੱਸਟ ਦੇ ਮੁੱਖ ਸੇਵਾਦਾਰ ਭਾਈ ਗੁਰਇਕਬਾਲ ਸਿੰਘ ਅਤੇ ਭਾਈ ਅਮਨਦੀਪ ਸਿੰਘ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਗੁਰੂ ਘਰ ਵਿੱਚ ਨਤਮਸਤਕ ਹੋ ਕੇ ਕੀਰਤਨ - ਕਥਾ ਦਾ ਆਨੰਦ ਮਾਣਿਆ ਅਤੇ ਆਪਣਾ ਜੀਵਨ ਸਫਲਾ ਕੀਤਾ ।ਜਿਸ ਵਿੱਚ ਸਿੱਖ ਪੰਥ ਦੀਆਂ ਮਹਾਨ ਸ਼ਖਸ਼ੀਅਤਾਂ ਨੇ ਹਾਜਰੀ ਭਰੀ।ਸਮਾਗਮ ਦੀ ਸ਼ੁਰੂਆਤ ਬਾਬਾ ਦੀਪ ਸਿੰਘ ਗੁਰਮਤ ਗਿਆਨ ਸੰਗੀਤ ਅਕੈਡਮੀ ਦੇ ਵਿਦਿਆਰਥੀਆਂ ਨੇ ਗੁਰੂ ਸਾਹਿਬ ਤੋਂ ਹੁਕਮਨਾਮਾ ਲੈ ਕੇ ਕੀਤੀ। ਉਪਰੰਤ ਭਾਈ ਅਮਨਦੀਪ ਸਿੰਘ ਬੀਬੀ ਕੌਲਾਂ ਵਾਲੇ, ਮਾਤਾ ਵਿਪਨਪ੍ਰੀਤ ਕੌਰ ਲੁਧਿਆਣੇ ਵਾਲੇ,ਭਾਈ ਵਰਿੰਦਰ ਸਿੰਘ ਕੰਗ ਲੁਧਿਆਣੇ ਵਾਲੇ, ਭਾਈ ਗੁਰਚਰਨ ਸਿੰਘ,ਉਸਤਾਦ ਜਤਿੰਦਰ ਸਿੰਘ, ਬਾਬਾ ਤਜਿੰਦਰ ਸਿੰਘ ਜਿੰਦੂ ਨਾਨਕਸਰ ਵਾਲੇ, ਭਾਈ ਦਵਿੰਦਰ ਸਿੰਘ ਨਿਰਮਾਣ ਦੇ ਜਥਿਆਂ ਨੇ ਕਥਾ-ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਵਿਚਾਰਾਂ ਦੀ ਸਾਂਝ ਪਾਉਂਦਿਆਂ ਭਾਈ ਅਮਨਦੀਪ ਸਿੰਘ ਜੀ ਨੇ ਕਿਹਾ ਸਮੁੱਚੇ ਸੰਸਾਰ ਦੇ ਧਰਮ ਗ੍ਰੰਥਾਂ ਵਿੱਚੋਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਇੱਕ ਅਜਿਹਾ ਗ੍ਰੰਥ ਹੈ,ਜਿਸ ਨੂੰ ਗੁਰੂ ਸਾਹਿਬਾਨ ਨੇ ਆਪਣੇ ਕਰ-ਕਮਲਾਂ ਨਾਲ ਸੰਪਾਦਿਤ ਕੀਤਾ ਹੈ। ਉਹਨਾਂ ਕਿਹਾ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਨੁੱਖਤਾ ਦਾ ਸਰਵੋਤਮ ਧਾਰਮਿਕ, ਵਿਲੱਖਣ,ਸਰਬ-ਸਾਂਝਾ ਅਤੇ ਅਦੁਤੀ ਗ੍ਰੰਥ ਹੈ। ਜਿਸ ਨੂੰ ਗੁਰੂ ਸਾਹਿਬ ਦਾ ਦਰਜਾ ਹਾਸਲ ਹੈ ਅਤੇ ਲੱਖਾਂ ਲੋਕ ਰੋਜਾਨਾ ਗੁਰੂ ਸਾਹਿਬ ਨੂੰ ਨਤਮਸਤਕ ਹੋ ਕੇ ਆਪਣੇ ਕਲਿਆਣ ਦੀ ਅਰਦਾਸ ਕਰਦੇ ਹਨ ਅਤੇ ਸਰਬੱਤ ਦਾ ਭਲਾ ਮੰਗਦੇ ਹਨ। ਸਟੇਜ ਸੈਕਟਰੀ ਦੀ ਸੇਵਾ ਭਾਈ ਵਰਿਆਮ ਸਿੰਘ ਨੇ ਬਾਖੂਬੀ ਨਿਭਾਈ।ਇਸ ਮੌਕੇ ਭਾਈ ਅਮਨਦੀਪ ਸਿੰਘ ਜੀ ਨੇ ਮੈਨੇਜਰ ਸ੍ਰੀ ਦਰਬਾਰ ਸਾਹਿਬ ਸ.ਭਗਵੰਤ ਸਿੰਘ ਧਗੇੜਾ ਅਤੇ ਮੈਨੇਜਰ ਸ.ਬਿਕਰਮਜੀਤ ਸਿੰਘ ਜੀ ਦਾ ਇਹ ਸਮਾਗਮ ਵਿੱਚ ਵਿਸ਼ੇਸ਼ ਸਹਿਯੋਗ ਦੇਣ ਲਈ ਧੰਨਵਾਦ ਕੀਤਾ ।ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਦੇਸ਼ਾਂ ਵਿਦੇਸ਼ਾਂ ਤੋਂ ਆ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਭਾਈ ਸਾਹਿਬ ਨੇ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਭਾਈ ਅਮਤੇਸ਼ਵਰ ਸਿੰਘ, ਭਾਈ ਮਨਮੀਤ ਸਿੰਘ ,ਭਾਈ ਸਿਮਰਨਜੀਤ ਸਿੰਘ ਭਾਈ ਅਵਤਾਰ ਸਿੰਘ, ਭਾਈ ਗੁਰਪ੍ਰੀਤ ਸਿੰਘ ,ਭਾਈ ਜਸਬੀਰ ਸਿੰਘ, ਭਾਈ ਸ਼ਮਸ਼ੇਰ ਸਿੰਘ ,ਭਾਈ ਜਸਵਿੰਦਰ ਸਿੰਘ ਆਦਿ ਸੰਗਤਾਂ ਵਿੱਚ ਮੌਜੂਦ ਸਨ।

**ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਅਮਨਦੀਪ ਸਿੰਘ ਬੀਬੀ ਕੌਲਾਂ ਵਾਲਿਆਂ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ**

ਗੁਰਦੁਆਰਾ ਸੰਨ੍ਹ ਸਾਹਿਬ ਬਾਸਰਕੇ ਗਿੱਲਾਂ ਤੋਂ ਸ੍ਰੀ ਗੋਇੰਦਵਾਲ ਸਾਹਿਬ ਤੱਕ

# ਨਗਰ ਕੀਰਤਨ ਸਜਾਇਆ



**ਨਵੀਂ ਦਿੱਲੀ, 1 ਸਤੰਬਰ (ਮਨਪ੍ਰੀਤ ਸਿੰਘ ਖਾਲਸਾ)**:- ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਸਬੰਧੀ ਅੱਜ ਗੁਰਦੁਆਰਾ ਸੰਨ੍ਹ ਸਾਹਿਬ ਬਾਸਰਕੇ ਗਿੱਲਾਂ ਤੋਂ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਪੰਥਕ ਜਾਹੋ-ਜਲਾਲ ਨਾਲ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਗੁਰਦੁਆਰਾ ਸੰਨ੍ਹ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਗੁਰਮਤਿ ਸਮਾਗਮ ਹੋਇਆ। ਇਸ ਮੌਕੇ ਉਚੇਚੇ ਤੌਰ ’ਤੇ ਪਹੁੰਚੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਾਸਰਕੇ ਨਗਰ ਸਿੱਖ ਧਰਮ ਇਤਿਹਾਸ ਅੰਦਰ ਬਹੁਤ ਅਹਿਮੀਅਤ ਵਾਲਾ ਹੈ, ਕਿਉਂਕਿ ਇਥੇ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਹੋਇਆ ਹੈ। ਇਸ ਤੋਂ ਇਲਾਵਾ ਇਹ ਨਗਰ ਸ੍ਰੀ ਗੁਰੂ ਰਾਮਦਾਸ ਜੀ ਦਾ ਨਾਨਕਾ ਪਿੰਡ ਵੀ ਹੈ ਅਤੇ ਭਾਈ ਗੁਰਦਾਸ ਜੀ ਵੀ ਇਸੇ ਨਗਰ ਤੋਂ ਹੋਏ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਵੀ ਇਸੇ ਨਗਰ ਵਿਚ ਵਿਆਹੇ ਹੋਏ ਸਨ। ਏਨੇ ਵੱਡੇ ਇਤਿਹਾਸਕ ਮਹੱਤਵ ਵਾਲੇ ਨਗਰ ਨੂੰ ਉਭਾਰਨ ਵੱਲ ਕੌਮ ਨੂੰ ਤਵੱਜੋਂ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ 450 ਸਾਲਾ ਸ਼ਤਾਬਦੀ ਸਮਾਗਮਾਂ ਦੇ ਚਲਦਿਆਂ ਵੱਡੀ ਲੋੜ ਹੈ ਕਿ ਇਸ ਮਹਾਨ ਇਤਿਹਾਸਕ ਨਗਰ ਦੇ ਇਤਿਹਾਸ ਨੂੰ ਵੱਧ ਤੋਂ ਵੱਧ ਪ੍ਰਚਾਰਿਆ ਜਾਵੇ।

ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸ਼ਤਾਬਦੀ ਦਿਹਾੜੇ ਸਿੱਖ ਕੌਮ ਲਈ ਬੇਹੱਦ ਅਹਿਮ ਹਨ, ਕਿਉਂਕਿ ਇਨ੍ਹਾਂ ਦੌਰਾਨ ਸਿੱਖੀ ਪ੍ਰਚਾਰ ਪ੍ਰਸਾਰ ਦੀ ਲਹਿਰ ਕੌਮ ਅੰਦਰ ਇਕ ਹੁਲਾਰਾ ਪੈਦਾ ਕਰਦੀ ਹੈ। ਉਨ੍ਹਾਂ ਕੌਮ ਨੂੰ ਅਪੀਲ ਕੀਤੀ ਕਿ ਅੱਜ ਤੋਂ ਆਰੰਭ ਹੋਏ ਸ਼ਤਾਬਦੀ ਸਮਾਗਮਾਂ ਵਿਚ ਭਰਵੀਂ ਸ਼ਮੂਲੀਅਤ ਕੀਤੀ ਜਾਵੇ ਅਤੇ ਖ਼ਾਸ ਤੌਰ ’ਤੇ 16 ਤੋਂ 18 ਸਤੰਬਰ ਤੱਕ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਹੋਣ ਵਾਲੇ ਮੁੱਖ ਸ਼ਤਾਬਦੀ ਸਮਾਗਮਾਂ ਦਾ ਹਿੱਸਾ ਜ਼ਰੂਰ ਬਣਿਆ ਜਾਵੇ।

ਇਸ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ। ਸੰਗਤ ਨੂੰ ਹੁਕਮਨਾਮਾ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਦਲ ਬਾਬਾ ਬਿਧੀ ਚੰਦ ਸੰਪ੍ਰਦਾ ਦੇ ਮੁਖੀ ਅਵਤਾਰ ਸਿੰਘ ਸੁਰਸਿੰਘ, ਬਾਬਾ ਜਗਤਾਰ ਸਿੰਘ ਕਾਰਸੇਵਾ ਤਰਨ ਤਾਰਨ ਵਾਲੇ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਸੀਨੀਅਰ ਅਕਾਲੀ ਆਗੂ ਸ. ਗੁਲਜ਼ਾਰ ਸਿੰਘ ਰਣੀਕੇ ਸਮੇਤ ਵੱਡੀ ਗਿਣਤੀ ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਫੁੱਲਾਂ ਨਾਲ ਸਜੀ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕੀਤਾ।

**ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ**

# ਚੌਕੀ ਅੰਨਗੜ੍ਹ ਵਲੋਂ ਦਾਤਰਾ ਦੀ ਨੋਕ ਤੇ ਲੁੱਟਾ ਖੋਹਾ ਕਰਨ ਵਾਲੇ 5 ਕਾਬੂ



**ਚੌਕ ਮਹਿਤਾ, 1 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਮਾਨਯੋਗ ਕਮਿਸ਼ਨਰ ਪੁਲਿਸ ਅੰਮ੍ਰਿਤਸਰ ਸ. ਰਣਜੀਤ ਸਿੰਘ ਢਿੱਲੋ ਆਈ ਪੀ ਐਸ ਦੇ ਦਿਸ਼ਾ ਨਿਰਦੇਸ਼ਾਂ ਅਤੇ ਵਧੀਕ ਡਿਪਟੀ ਕਮਿਸ਼ਨਰ -1, ਸ੍ਰੀ ਵਿਸ਼ਾਲਜੀਤ ਸਿੰਘ ਆਈ ਪੀ ਐਸ ਤੇ ਸ੍ਰੀ ਗਗਨਦੀਪ ਸਿੰਘ ਪੀ ਪੀ ਐਸ ਏ.ਸੀ.ਪੀ ਸੈਂਟਰਲ ਦੀਆ ਹਦਾਇਤਾ ਅਨੁਸਾਰ ਅਤੇ ਐਸ ਐਚ ਓ ਮਨਜੀਤ ਕੌਰ ਮੁੱਖ ਅਫਸਰ ਥਾਣਾ ਗੇਟ ਹਕੀਮਾ ਦੀ ਅਗਵਾਈ ਹੇਠ ਇਲਾਕੇ ਵਿੱਚ ਲੁੱਟਾ ਖੋਹਾ,ਤੇ ਚੋਰਾ ਅਤੇ ਗੁੰਡਾ ਗਰਦੀ ਕਰਨ ਵਾਲਿਆ ਤੇ ਸ਼ਿਕਜਾ ਕੱਸਣ ਲਈ ਚਲਾਈ ਸਪੈਸ਼ਲ ਮੁਹਿੰਮ ਤਹਿਤ ਚੌਕੀ ਅੰਨਗੜ੍ਹ ਦੇ ਇੰਚਾਰਜ ਬਲਵਿੰਦਰ ਸਿੰਘ ਨੂੰ ਸਮੇਤ ਪੁਲਿਸ ਪਾਰਟੀ ਉਸ ਵੇਲੇ ਸਫਲਤਾ ਮਿਲੀ ਕਿ ਮੁੱਕਦਮਾ ਨੰਬਰ 159 ਅਧੀਨ ਸੁਖਰਾਜ ਸਿੰਘ ਪੁੱਤਰ ਗੋਪਾਲ ਸਿੰਘ ਵਾਪੱਤੀ ਪਨੂੰਆ ਵਾਲੀ ਥਾਣਾ ਇਸਲਾਮਾਬਾਦ ਅੰਮ੍ਰਿਤਸਰ ਦੇ ਬਿਆਨ ਤੇ ਦਰਜ ਹੋਇਆ ਹੈ ਕਿ ਮਿਤੀ 28-08-2024 ਨੂੰ ਉਹ ਆਪਣੇ ਭਰਾ ਨਾਲ ਆਪਣੀ ਹਵੇਲੀ ਗਿਆ ਹੋਇਆ ਸੀ ਜਿਥੇ ਕੁਝ ਲੜਕੇ ਉਸਦੀ ਹਵੇਲੀ ਵਿੱਚੋਂ ਚੋਰੀ ਕਰ ਰਹੇ ਰਹੈ ਸੀ ਜਦੋ ਮੁਦਈ ਮੁਕੱਦਮਾ ਨੇ ਇਹਨਾ ਨੂੰ ਕਾਬੂ ਕਰਨ ਦੀ ਕੋਸਿਸ ਕੀਤੀ ਤਾ ਇਹਨਾ ਦੇ ਹੋਰ ਸਾਥਿਆ ਨੇ ਮੌਕਾ ਤੇ ਆ ਕੇ ਤੇਜ ਧਾਰ ਹਥਿਆਰਾ ਨਾਲ ਉਸ ਪਰ ਹਮਲਾ ਕਰ ਦਿੱਤਾ ਤੇ ਉਸਨੂੰ ਜਖਮੀ ਕਰ ਦਿੱਤਾ। ਜੋ ਮੁਕੱਦਮਾ ਹਜਾ ਦੇ ਪੰਜ ਦੋਸ਼ੀਆਨ ਉਕਤਾਨ ਨੂੰ ਕਾਬੂ ਕਰਕੇ ਇਹਨਾ ਪਾਸੇ ਵਾਰਦਾਤ ਦੋਰਾਨ ਵਰਤੇ 04 ਦਾਤਰ ਲੋਹਾ ਬ੍ਰਾਮਦ ਕੀਤੇ ਜਾ ਚੁੱਕੇ ਹਨ ਅਤੇ ਚੋਰੀ ਕੀਤੀ ਬਿਜਲੀ ਦੀ ਤਾਰ ਦਾ ਬੰਡਲ ਵੀ ਬ੍ਰਾਮਦ ਕੀਤਾ ਜਾ ਚੁੱਕਾ ਹੈ ਪੰਜ ਦੋਸ਼ੀਆਨ ਦਾ ਪੁਲਿਸ ਰਿਮਾਂਡ ਹਾਸਿਲ ਕੀਤਾ ਗਿਆ ਹੈ ਤੇ ਡੂੰਘਿਆਈ ਨਾਲ ਤਫਤੀਸ਼ ਕੀਤੀ ਜਾ ਰਹੀ ਹੈ।

# ਨੀਲ ਕੰਠ ਯੁਵਾ ਬ੍ਰਿਗੇਡ ਅਤੇ ਨੀਲ ਕੰਠ ਸੇਵਾ ਦਲ ਕਰਤਾਰਪੁਰ ਨੇ ਕੀਤਾ ਸਨਮਾਨਿਤ



**ਕਰਤਾਰਪੁਰ, 1 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸਮਾਜਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰਪੁਰ ਦੇ ਸੰਸਥਾਪਕ ਮਾਸਟਰ ਅਮਰੀਕ ਸਿੰਘ ਦੇ ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋਣ ਤੇ ਕਰਤਾਰਪੁਰ ਦੀਆਂ ਸੰਸਥਾਵਾਂ ਨੀਲ ਕੰਠ ਸੇਵਾ ਦਲ ਅਤੇ ਨੀਲ ਕੰਠ ਯੁਵਾ ਬ੍ਰਿਗੇਡ ਵੱਲੋਂ ਅੱਜ ਮਾਸਟਰ ਅਮਰੀਕ ਸਿੰਘ ਨੂੰ ਮਾਤਾ ਦੀ ਚੁੰਨੀ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਨਾਥੀ ਸਨੋਤਰਾ, ਅਸ਼ੋਕ ਬਿੱਟੂ ਸਨੋਤਰਾ, ਅਜੈ ਸਕਸੈਨਾ, ਅਰੁਣ ਸਨੋਤਰਾ, ਰੁਪਿੰਦਰ ਸਿੰਘ, ਨੀਰਜ, ਪਵਨ, ਪੰਕਜ, ਤਰੁਣ ਆਨੰਦ, ਮੋਹਿਤ, ਰਿਸ਼ੂ, ਕ੍ਰਿਸ਼ਨਾ, ਐਲੀ, ਤਰੁਣ ਸਭਰਵਾਲ, ਨਿਤਿਨ, ਪਾਰਸ ਧੀਮਾਨ, ਭੁਵਣ ,ਵਿਨਾਯਕ, ਅਮਨ, ਸਾਬੀ ਆਦਿ ਹਾਜ਼ਰ ਸਨ। ਇਸ ਸਨਮਾਨ ਲਈ ਮਾਸਟਰ ਅਮਰੀਕ ਸਿੰਘ ਨੇ ਸੰਸਥਾਵਾਂ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।

# ਸਰਹੱਦੀ ਖੇਤਰ ਨੇੜਿਓਂ ਸ਼ੱਕੀ ਹਾਲਾਤ ’ਚ ਮਿਲੇ ਮੋਟਰ-ਸਾਈਕਲ, 2 ਨੌਜਵਾਨਾਂ ਖਿਲਾਫ਼ ਮਾਮਲਾ ਦਰਜ

**ਦੌਰਾਗਲਾ/ਦੀਨਾਨਗਰ, 1 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਪੁਲਸ ਸਟੇਸ਼ਨ ਦੌਰਾਗਲਾ ਤੇ ਸਰਹੱਦੀ ਏਰੀਏ ਦੇ ਪਿੰਡ ਸ਼ਾਹਪੁਰ ਅਫਗਾਨਾਂ ਨੇੜਿਓਂ ਪਿਛਲੀ ਦਿਨੀਂ ਦੋ ਸ਼ੱਕੀ ਮੋਟਰਸਾਈਕਲ ਬਰਾਮਦ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਸੀ, ਜਿਸ ਤੋਂ ਬਾਅਦ ਪੁਲਸ ਨੇ ਮੋਟਰਸਾਈਕਲ ਆਪਣੇ ਕਬਜ਼ੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਸੀ ਅੱਜ ਇਸ ਜਾਂਚ ਪੜਤਾਲ ਤੋਂ ਬਾਅਦ ਪੁਲਸ ਨੂੰ ਉਸ ਸਮੇਂ ਸਫ਼ਲਤਾ ਮਿਲੀ ਜਦ ਇਨ੍ਹਾਂ ਮੋਟਰਸਾਈਕਲਾਂ ਦੇ ਆਧਾਰ ’ਤੇ ਦੋ ਨੌਜਵਾਨ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਦੌਰਾਗਲਾ ਦਵਿੰਦਰ ਕੁਮਾਰ ਨੇ ਦੱਸਿਆ ਇਹ ਮੋਟਰਸਾਈਕਲ ਸਰਹੱਦੀ ਖੇਤਰ ਦੇ ਇਕ ਪਿੰਡ ਵਿਚੋਂ ਸ਼ੱਕੀ ਹਾਲਾਤ ਵਿੱਚ ਬਰਾਮਦ ਕੀਤੇ ਗਏ ਸਨ। ਇਹ ਮੋਟਰਸਾਇਕਲ ਇਕ ਬਜਾਜ ਪੈਲਟੀਨਾ ਅਤੇ ਦੂਸਰਾ ਸਪਲੈਂਡਰ ਸੀ। ਪੁਲਸ ਵੱਲੋਂ ਲਗਾਤਾਰ ਬਾਰੀਕੀ ਨਾਲ ਜਾਂਚ ਪੜਤਾਲ ਕਰਨ ਉਪਰੰਤ ਦੋ ਨੌਜਵਾਨਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਇੱਕ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਉਨ੍ਹਾਂ ਦੱਸਿਆ ਕਿ ਜਦ ਲਵਪ੍ਰੀਤ ਸਿੰਘ ਕੋਲੋਂ ਜਦ ਪੁੱਛਗਿੱਛ ਕੀਤੀ ਗਈ ਤਾਂ ਉਸਨੇ ਦੱਸਿਆ ਕਿ ਪੈਲਟੀਨਾ ਮੋਟਰ ਸਾਇਕਲ ਮੇਰੇ ਪਿਤਾ ਦੇ ਨਾਮ ’ਤੇ ਹੈ ਅਤੇ ਹੀਰੋ ਹਾਂਡਾ ਮੋਟਰਸਾਈਕਲ ਮੈਂ ਅਤੇ ਜੀਤਾ ਸਿੰਘ ਨੇ ਚੋਰੀ ਕੀਤਾ ਸੀ ਅਤੇ ਇਸ ’ਤੇ ਅਸੀਂ ਜਾਅਲੀ ਨੰਬਰ ਲਗਾ ਕਿ ਬਾਰਡਰ ਦੇ ਇਲਾਕੇ ਅੰਦਰ ਜਗ੍ਹਾ ਵੇਖਣ ਗਏ ਸੀ ਜੋ ਕਿ ਬੀ. ਐੱਸ. ਐੱਫ਼. ਦੇ ਜਵਾਨਾਂ ਦੀ ਹਰਕਤ ਦੇਖ ਕਿ ਅਸੀਂ ਮੋਟਰਸਾਇਕਲ ਛੱਡ ਕਿ ਭੱਜ ਆਏ ਸੀ ਜਿਸ ਤੋਂ ਬਾਅਦ ਮੁਲਜ਼ਮਾਂ ਕੋਲੋਂ ਪੜਤਾਲ ਕਰਨ ’ਤੇ ਮੋਟਰ ਸਾਇਕਲ ਚੋਰੀ ਕਰਨਾ ਸਾਬਿਤ ਹੋਣ ’ਤੇ ਲਵਪ੍ਰੀਤ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਦੋਸਤਪੁਰ ਅਤੇ ਜੀਤਾ ਸਿੰਘ ਵਾਸੀ ਸਹੂਰ ਕਲਾ ਖ਼ਿਲਾਫ਼ ਵੱਖ-ਵੱਖ ਧਾਰਾ ਤਹਿਤ ਮਾਮਲਾ ਦਰਜ ਕਰਕੇ ਲਵਪ੍ਰੀਤ ਸਿੰਘ ਪੁੱਤਰ ਲੇਟ ਤਾਰਾ ਸਿੰਘ ਵਾਸੀ ਦੋਸਤਪੁਰ ਗ੍ਰਿਫ਼ਤਾਰ ਹੈ ਅਤੇ ਦੂਜੇ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ।